# ਪੜਚੋਲ: ਸ਼੍ਰੀ ਦਸਮ (ਕਾਲਕਾ) ਗ੍ਰੰਥ ਸਾਹਿਬ; ਕਰਤਾ ਸੰਬੰਧੀ ਵਿਵਾਦ ਦੀ ਪੁਨਰ-ਸਮੀਖਿਆ

ਚਰਨਜੀਤ ਸਿੰਘ ਬਲ

ਸ਼੍ਰੀ ਦਸਮ ਗ੍ਰੰਥ ਸਾਹਿਬ, ਕਰਤਾ ਸੰਬੰਧੀ ਵਿਵਾਦ ਦੀ ਪੁਨਰ-ਸਮੀਖਿਆ, ਅੱਗੇ ਤੋਂ ਪੁਨਰ-ਸਮੀਖਿਆ ਦੇ ਪਾਠ ਤੋਂ ਜਾਪਦਾ ਹੈ ਕਿ ਇਸ ਦੇ ਕਰਤਾ ਡਾ. ਹਰਭਜਨ ਸਿੰਘ ਨੂੰ ਬ੍ਰਾਮਣ ਦੀ ਰਾਖਵੀਂ ਦੇਵ ਭਾਸ਼ਾ ਦੇ ਪੰਡਿਤ ਹੋਣ ਦਾ ਹੰਕਾਰ ਹੈ। ਉਨ੍ਹਾਂ ਦੀ ਪੁਨਰ-ਸਮੀਖਿਆ ਵਿਚ ਦੇਵ ਭਾਸ਼ਾ ਦੀ ਵਰਤੋਂ ਦੇ ਟਾਕਰੇ ਅਸੀਂ ਇਸ ਪੁਸਤਕ ਦੀ ਸਾਧਰਨ ਪੰਜਾਬੀ ਬੋਲੀ ਵਿਚ ਕਰਨ ਦਾ ਨਿਮਾਣਾਂ ਯਤਨ ਕਰਾਂਗੇ। ਪੰਡਿਤ ਨਾ ਹੋਣ ਕਰਕੇ ਸਾਥੋਂ ਸੁਭਾਵਿਕ ਹੀ ਪੁਨਰ-ਸਮੀਖਿਆ ਦੀ ਪੜਚੋਲ ਵਿਚ ਤਰੁਟੀਆਂ ਰਹਿ ਜਾਣਗੀਆਂ। ਪੜਚੋਲ ਦੀ ਸੰਖੇਪਤਾ ਵਜੋਂ ਪੁਨਰ-ਸਮੀਖਿਆ ਵਿਚਲੇ ਉਘੜਵੇਂ ਸ਼ੋਸ਼ਿਆਂ, ਅਨਰਥ ਟੂਕਾਂ, ਬੇਤੁਕੀਆਂ ਦਲੀਲਾਂ ਨੂੰ ਝੁਠਲਾਉਣ, ਨਕਾਰਨ ਵਜੋਂ ਅਸੀਂ ਲੋੜੀਂਦੀਆਂ ਅਕੱਟ ਦਲੀਲਾਂ, ਟੂਕਾਂ, ਟਿਪਣੀਆਂ ਤੇ ਪ੍ਰਮਾਣ ਹੀ ਪੇਸ਼ ਕਰਾਂਗੇ

ਡਾ. ਹਰਭਜਨ ਸਿੰਘ ਅਜ-ਕਲ ਭਾਈ ਵੀਰ ਸਿੰਘ ਦੇ ਛੋਟੇ ਭਰਾ ਭਾਈ ਬਲਬੀਰ ਸਿੰਘ ਦੀ ਬੇਟੀ ਬੀਬੀ ਮਹਿੰਦਰ ਕੌਰ ਅਤੇ ਉਨ੍ਹਾਂ ਦੇ ਪਤੀ ਸ਼ਿਵਨਾਭ ਸਿੰਘ ਵਲੋਂ ਪੰਜਾਬੀ ਯੂਨੀਵਰਸਟੀ ਪਟਿਆਲਾ ਨੂੰ ਦਾਨ ਕੀਤੀ ੫ ਏਕੜ ਵਿਚ 'ਪੰਚਵਟੀ' ਨਾਂ ਦੀ ਕੋਠੀ, ਜਿਸ ਵਿਚ ਕਦੀ ਭਾਈ ਵੀਰ ਸਿੰਘ ਦਾ ਨਿਵਾਸ ਸੀ, ਵਿਚ 'ਭਾਈ ਬਲਬੀਰ ਸਿੰਘ ਸਾਹਿਤ ਕੇਂਦਰ', ਦੇਹਰਾਦੂਨ ਦੇ ਮੁਖੀ ਹਨ। ਯੂਨੀਵਰਸਿਟੀ ਵੱਲੋਂ ਇਸ ਕੇਂਦਰ ਵਿਚ ਨਿਰਮਲੇ ਸੰਤਾਂ ਬਾਰੇ ੧੧ ਫਰਵਰੀ ੨੦੧੦ ਨੂੰ ਸਮਾਗਮ ਕਰਵਾਇਆ ਗਿਆ।

ਪੁਨਰ-ਸਮੀਖਿਆ ਅਤੇ ਕਰਤਾ ਦੇ ਪ੍ਰਸੰਸਕ ਇਹ ਹਨ, ਜ. ਇਕਬਾਲ ਸਿੰਘ ਪਟਨਾ, ਜ. ਕੁਲਵੰਤ ਸਿੰਘ ਨਾਂਦੇੜ, ਨਿਹੰਗ. ਜੋਗਿੰਦਰ ਸਿੰਘ ਬੁੱਢਾ ਦਲ, ਹਰਨਾਮ ਸਿੰਘ ਖਾਲਸਾ ਦਮਦੀ ਟਕਸਾਲ ਮਹਿਤਾ, ਜ. ਨਿਹਾਲ ਸਿੰਘ ਹਰੀਆਂ ਵੇਲਾਂ ਬਜੌਰ, ਬਾਬਾ ਦਯਾ ਸਿੰਘ ਦਲ ਬਾਬਾ ਬਿਧੀ ਚੰਦ ਸੁਰ ਸਿੰਘ ਅੰਮ੍ਰਿਤਸਰ, ਸ਼ੀ ਮਹੰਤ ਸਵਾਮੀ ਗਿਆਨ ਦੇਵ ਸਿੰਘ ਨਿਰਮਲ ਪੰਚਾਇਤ ਅਖਾੜਾ ਹਰਿਦੁਆਰ, ਗਿ. ਗਿਆਨ ਸਿੰਘ ਉਦਾਸੀ ਸੰਪਰਦਾ ਬੰਧਨੀ ਕਲਾਂ, ਬਾਬਾ ਸਰਬਜੋਤ ਸਿੰਘ ਬੇਦੀ ਦਮਦਮਾ ਅਸਥਾਨ ਊਨਾ, ਮਹੰਤ ਚਮਕੌਰ ਸਿੰਘ ਟਿਕਾਣਾ ਸੇਵਾ ਪੰਥੀ ਭਾਈ ਘਨੱਈਆ ਜੀ, ਗੁਰਮੇਲ ਸਿੰਘ, ਗੁਰਦਵਾਰਾ ਨਾਨਕਸਰ ਕਲੇਰਾਂ, ਬਲਜਿੰਦਰ ਸਿੰਘ ਰਾੜਾ ਸਾਹਿਬ ਸੰਪਰਦਾ,ਹਰੀ ਸਿੰਘ ਖਾਲਸਾ ਜਥਾ ਰੰਧਾਵਾ ਚੈਰੀਟੇਬਲ ਟਰੱਸਟ ਫਤਹਿਗੜ੍ਹ ਸਾਹਿਬ, ਡਾ. ਜੋਧ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਹਰਪਾਲ ਸਿੰਘ ਪੰਨੂ ਪੰਜਾਬੀ ਯੂਨੀਵਰਸਿਟੀ ਪਟਿਆਲਾ। ਕਰਤਾ ਅਤੇ ਪ੍ਰਸੰਸਕਾਂ ਬਾਰੇ ਗੁਰਬਾਣੀ ਦੇ ਪ੍ਰਮਾਣ,

ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ ॥ ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥
ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ ॥ ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥
ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥ ਚਾਕਰ ਨਹਦਾ ਪਾਇਨਿ੍ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥ ਜਿਥੈ ਜੀਆਂ ਹੋਸੀ ਸਾਰ ॥ ਨਕੀ ਵਢੀ ਲਾਇਤਬਾਰ ॥੨॥ ਪੰਨਾ ੧੨੮੮

ਅਰਥ:— ਹਰਨ, ਬਾਜ਼ ਤੇ ਅਹਲਕਾਰ—ਇਹਨਾਂ ਦਾ ਨਾਮ ਲੋਕ "ਪੜ੍ਹੇ ਹੋਏ" ਰੱਖਦੇ ਹਨ (ਪਰ ਇਹ ਵਿੱਦਿਆ ਕਾਹਦੀ ਹੈ? ਇਹ ਤਾਂ) ਫਾਹੀ ਲੱਗੀ ਹੋਈ ਹੈ ਜਿਸ ਵਿਚ ਆਪਣੇ ਹੀ ਜਾਤਿ-ਭਰਾਵਾਂ ਨੂੰ ਫਸਾਂਦੇ ਹਨ; ਪ੍ਰਭੂ ਦੀ ਹਜ਼ੂਰੀ ਵਿਚ ਐਸੇ ਪੜ੍ਹੇ ਹੋਏ ਕਬੂਲ ਨਹੀਂ ਹਨ ।

ਜਿਸ ਜਿਸ ਨੇ 'ਨਾਮ' ਦੀ ਕਮਾਈ ਕੀਤੀ ਹੈ ਉਹੀ ਵਿਦਵਾਨ ਹੈ ਪੰਡਿਤ ਹੈ ਤੇ ਸਿਆਣਾ ਹੈ (ਕਿਉਂਕਿ ਰੁੱਖ ਦੀ) ਜੜ੍ਹ ਸਭ ਤੋਂ ਪਹਿਲਾਂ (ਜ਼ਮੀਨ ਦੇ) ਅੰਦਰ ਜੰਮਦੀ ਹੈ ਤਾਂ ਹੀ (ਰੁੱਖ ਉੱਗ ਕੇ) ਬਾਹਰ ਛਾਂ ਬਣਦੀ ਹੈ (ਸੋ, ਸੁਖਦਾਤੀ ਵਿੱਦਿਆ ਉਹੀ ਹੈ ਜੇ ਪਹਿਲਾਂ ਮਨੁੱਖ ਆਪਣੇ ਮਨ ਵਿਚ 'ਨਾਮ' ਬੀਜੇ) ।ਇਹ ਅਹਲਕਾਰ (ਮਾਨੋ ਸ਼ੇਰਾਂ ਦੀਆਂ) ਨਹੁੰਦ੍ਰਾਂ ਹਨ, ਜੋ (ਲੋਕਾਂ ਦਾ) ਘਾਤ ਕਰਦੀਆਂ ਹਨ, (ਰਾਜੇ-ਸ਼ੀਂਹ ਇਹਨਾਂ ਮੁਕੱਦਮ) ਕੁੱਤਿਆਂ ਦੀ ਰਾਹੀਂ (ਲੋਕਾਂ ਦਾ) ਲਹੂ ਪੀਂਦੇ ਹਨ । ਪਰ ਜਿੱਥੇ ਜੀਵਾਂ ਦੀ (ਕਰਣੀ ਦੀ) ਪਰਖ ਹੁੰਦੀ ਹੈ, ਓਥੇ ਅਜੇਹੇ (ਪੜ੍ਹੇ ਹੋਏ ਬੰਦੇ) ਬੇ-ਇਤਬਾਰੇ ਨੱਕ-ਵੱਢੇ (ਸਮਝੇ ਜਾਂਦੇ ਹਨ) ।੨।

ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ ॥ਗਲੀ ਜਿਨ੍ਹਾ ਜਪਮਾਲੀਆ, ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ ॥੧॥੪॥੨॥ ਕਬੀਰ ਜੀ, ਪੰਨਾ ੪੭੩

'ਧਾਰਮਿਕ ਬਾਣਾ ਪਹਿਨ ਕੇ ਤਿਆਗਵਾਦੀ ਸਦਾਉਣ ਵਾਲੇ ਗ੍ਰਿਹਸਥੀਆਂ ਨਾਲੋਂ ਵਧੇਰੇ ਕਾਮੀ ਵਿਖਾਏ ਹਨ, ਜੋ ਆਪਣੇ ਘਰ ਦਾ ਤਿਆਗ ਕਰ ਕੇ ਪਰ-ਧਨ ਅਤੇ ਪਰ-ਤਨ ਦੀ ਹੀ ਆਸ ਕਰਦੇ ਹਨ। ਜੰਤ੍ਰ-ਮੰਤ੍ਰ ਵਿਚ ਵਿਸ਼ਵਾਸ ਕਰਨ ਵਾਲੇ ਲੋਕ ਕਾਮ-ਅਧਾਰਿਤ ਦੁਰਾਚਾਰ ਅਤੇ ਅਪਰਾਧਾਂ ਵਿਚ ਬੁਰੀ ਤਰ੍ਹਾਂ ਲਿਪਤ ਦਰਸਾਏ ਹਨ। ਡਾ. ਹਰਭਜਨ ਸਿੰਘ, ਪੁਨਰ-ਸਮੀਖਿਆ ਪੰਨਾ ੧੨੦

## ‘ਸਿਖ ਕੇਸਾਧਾਰੀ ਹਿੰਦੂ; ਸਿਖ ਧਰਮ ਹਿੰਦੂ ਧਰਮ ਦਾ ਫਿਰਕਾ’?

**‘ਅਸਲ ਵਿਚ ਸਿੰਘ ਸਭਾ ਲਹਿਰ ਦਾ ਮੁਖ ਉਦੇਸ਼ ਹਿੰਦੂ-ਸਿਖ ਰਿਸ਼ਤਿਆਂ ਨੂੰ ਪੁਨਰ-ਪਰਿਭਾਸ਼ਿਤ ਕਰਨਾ ਸੀ। ਉਸ ਸਮੇਂ ਦਾ ਮੁਖ ਨਆਰਾ ਸੀ-‘ਹਮ ਹਿੰਦੂ ਨਹੀਂ’।ਮਿਸ਼ਨਰੀ ਕਾਲਜਾ ਵਾਲੇ ਭਾਈ ਗਰੁਦਾਸ ਦੀ ਬਾਣੀ ਦੇ ਪਿਛੇ ਹਥ ਧੋ ਕੇ ਪਏ ਹੋਏ ਹਨ। ਉਹ ਭਾਈ ਗੁਰਦਾਸ ਨੂੰ ਮੀਣਿਆਂ ਦਾ ਏਜੰਟ ਕਹਿ ਕੇ ਇਕ ਪ੍ਰਵਾਣਿਤ ਵਿਦਵਾਨ ਅਤੇ ਅਨਿੰਨ ਸਿਖ ਨੂੰ ਨਿੰਦ ਰਹੇ ਹਨ। ਇਹ ਸਾਰਾ ਕੁਝ ਸਿਖ ਧਰਮ ਨੂੰ ਹਿੰਦੂ ਧਰਮ ਤੋਂ ਨਿਵੇਕਲਾ ਦਸਣ ਦੇ ਗੁਮਰਾਹਕੁਨ ਜੋਸ਼ ਵਿਚ ਕੀਤਾ ਜਾ ਰਿਹਾ ਹੈ।’੧੨੯**

**‘ਮੇਰੀ ਯਨੀਵਰਸਿਟੀ ਦੇ ਇਕ ਸੀਨੀਅਰ ਅਧਿਆਪਕ, ਜੋ ੩੦ ਸਾਲਾਂ ਤੋਂ ਸਿਖ ਸਟੱਦੀਜ਼ ਪੜ੍ਹਾਉਂਦੇ ਆ ਰਹੇ ਹਨ, ਨੂੰ ਇਨਟਰਵਿਊ ਵਿਚ ਪੁੱਛਿਆ ਗਿਆ, “ਕੀ ਦਸਮ ਗ੍ਰੰਥ ਨੂੰ ਤੁਸੀਂ ਗੁਰੂ ਗੋਬਿੰਦ ਸਿੰਘ ਕ੍ਰਿਤ ਸਮਝਦੇ ਹੋ?” ਉਤਰ ਦਿੱਤਾ- ਜੀ ਚਰਿਤਰੋਪਾਖਿਆਨ ਨੂੰ ਛੱਡ ਕੇ ਬਾਕੀ ਬਾਣੀ ਨੂੰ ਗੁਰੂ ਕ੍ਰਿਤ ਸਮਝਦਾ ਹਾਂ। ਮਾਹਿਰ ਨੇ ਦੂਜਾ ਸਵਾਲ ਕੀਤਾ- ਕੀ ਨਿਤਨੇਮ ਕਰਦੇ ਹੋ? ਉਸ ਨੇ ਕਿਹਾ- ਹਾਂ ਜੀ। ਮਾਹਿਰ ਨੇ ਪੁੱਛਿਆ- ਚੌਪਈ ਚਰਿਤਰੋਪਾਖਿਆਨ ਵਿਚੋਂ ਹੈ, ਉਸਦਾ ਕੀ ਕਰਦੇ ਹੋ? ਪ੍ਰਫੈਸਰ ਨੇ ਕਿਹਾ- ਚੌਪਈ ਮੈਂ ਛੱਡ ਦਿਆ ਕਰਦਾ ਹਾਂ। ਜੇ ਸਿਖ ਸਟੱਡੀਜ਼ ਦੇ ਮਾਹਿਰਾਂ (!) ਦਾ ਇਹ ਹਾਲ ਹੈ, ਤਦ ਆਮ ਬੰਦੇ ਦਾ ਕੀ ਬਣੇਗਾ?’ ਡਾ.ਹਰਪਾਲ ਸਿੰਘ ਪਨੂੰ, ਪੁਨਰ-ਸਮੀਖਿਆ ਪੰਨਾ** xxx

**ਸਪਸ਼ਟ ਹੈ ਕਿ ਅਵਤਾਰਵਾਦ, ਮਿਥਿਹਾਸਕ ਕੂੜ, ਅਘੋਰੀ ਮਤ-ਵਾਮ-ਮਾਰਗੀ ਅਸ਼ਲੀਲ ਸਾਹਿਤ ਦੇ ਪੁਲੰਦੇ, ਅਖੌਤੀ ਦਸਮ ਗ੍ਰੰਥ ਦਾ ਪ੍ਰਚਾਰ, ਪ੍ਰਸਾਰ ਅਤੇ ਪਰੋੜਤਾ ਕਰਨ ਵਾਲੇ ਸੁਪਨ-ਸੰਸਾਰ ਜਾਂ ਦੇਵ-ਲੋਕ ਵਾਸੀ,- ਮਾਣ-ਮੱਤੇ ਵਿਦਵਾਨ, ਅਜੋਕੇ ਮਹੰਤ, ਭਾਵ ਅਖੌਤੀ ਜਥੇਦਾਰ, ਸਿੰਘ ਸਾਹਿਬਾਨ, ਗੁਰੂ-ਘੰਟਾਲ ਮੰਡਲੀ, ਭਾਵ ਸੰਤ ਸਮਾਜ, ਭੰਗ-ਪੀਣੇ ਨਿਹੰਗ,- ਜਨੂਨੀ ਹਿੰਦੂ ਸੰਘ ਪਰਿਵਾਰ ਵੱਲੋਂ ਗਜ-ਵਜ ਕੇ ਪਿਟੀ ਜਾ ਰਹੀ ਡੌਂਡੀ ਕਿ ‘ਸਿਖ ਕੇਸਾਧਾਰੀ ਹਿੰਦੂ ਹਨ’, ਅਤੇ ‘ਸਿਖ ਧਰਮ ਹਿੰਦੂ ਧਰਮ ਦਾ ਫਿਰਕਾ ਹੈ’, ਤੋਂ ਅਵੇਸਲ਼ੇ ਹੀ ਨਹੀਂ, ਸਗੋਂ ਉਨ੍ਹਾਂ ਦੇ ਅੰਗੀ-ਸੰਗੀ ਹਨ।**

5 Ks-DHARI GRANTHIS IN DHOTIS/ANGVASTRAMS: A WHISPER FROM ETERNITY
HAR HAR MAHADEV I

Kesha, Kacchhaa, Karaa, Krpaan and Kanghaa are the symbols of the so-called Sikh sect, founded by Shri GuruGovind Singh who happened to be a highly revered patriot, saint, scholar, a legendary renunciator and one of the greatest protectors of the Hindu-s in Bharatvarsha. This great soul, a great son of Bharatvarsha propounded the sect for the same cause, for the same reason for which Swami Ramakrishna Paramhamsa incarnated in this country, for which Swami Vivekananda took up the cudgels, for which Dr. Hedgewar offered himself as an oblation into the flaring crucible of patriotism through Bharatiyataa, for which Netaji Bose shook the British empire, for which Martyrs Bhagat Singh, Rajguru, Sukhdev and Azad hanged themselves, for which Martyr Udham Singh knocked the brains out of the head of Micheal O'Dyer...Veer Savarkar...Mangal Pandey..it is a long story to recount.

5 Ks were the foundation of a martial group focused on protecting Hindu-s from the brutalities of those oppressors who came from abroad with very wrong intentions.

Sikhs as a different race ??? How absurd !!! Out of the 5 Ks, every Hindu is a Keshdhari, every Hindu wears Kacchhaa, innumerable Hindu-s sport Karaa for various reasons, Krpaan had been a common weapon of defence for innumerable Hindu-s and every Keshdhari Hindu uses Kanghaa for grooming his hairline...carrying Hindu names and castes, in what way are they different from the mainstream Hindus?

The great venerable saint Guru Nanak was an ardent devotee of Bhagawan Shiva and the Golden Temple at Amritsar is His revered seat, A SHIVALAYA for sure !!! THE GRAND TEMPLE IS ITSELF IN THE SHAPE OF A GIGANTIC SHIVALINGA SURROUNDED BY THE 'JALAHARI' i.e. POOL OF HOLY WATER REPRESENTING MA PARWATI. MERCIFULLY, IT IS YET FAMOUS AS GOLDEN TEMPLE & NOT AS GOLDEN GURUDWARA. HOWEVER, IT IS IMMATERIAL WHETHER IT IS KNOWN AS TEMPLE OR GURUDWARA.

The so-called Sikh community must now gradually move towards merging their identities, alongwith their symbols into the non-sectarian, mainstream Hindu fold.

The 5 Ks may continue over and above the elegant Dhoti-s and Angvastram-s, adorned with Tripunda Tilakam. **Let it be mandatory for all Granthi-s in all Gurudwara-s of the world to sport Dhoti-s and Angvastram-s, instead of the muslim outfit of Kurta / Payjama. Wherever prohibited, they should shun turban.**This symbolism shall go a long way in the right direction. I would like to see more and more so-called Sikhs visiting temples, conducting Puja, with or without turban, with or without the 5 Ks in this Bharatiya outfit. Hindu-s have already been flocking to Gurudwara-s in hordes hence, there is no sense in advising them anything in this regard. Hindu-Sikhs must come forward to learn and absorb Samskrit. Ramakant Tiwari

**GURU NANAK DEVJI WAS THE SAVIOUR OF HINDUISM IN PUNJAB.**

OM SHRI GURUVE NAMAH. OM SHRI KAAL BHAIRAVA NAMAH

I EXTEND MY HEARTIEST GREETINGS TO ALL HINDU-SIKHS ON THE AUSPICIOUS JAYANTI OF THIS VERY GREAT, DIVINE SOUL WHO DESCENDED IN THIS COUNTRY AT AN OPPORTUNE MOMENT OF HISTORY. HE WAS A 'SIDDHA YOGI'. HE WAS THE SWAMI RAMAKRISHNA PARAMHAMSA OF PANJAB. I AM NOT CERTAIN WHETHER HINDU-SIKHS HAVE BEEN ABLE TO UNDERSTAND HIS DIVINE GREATNESS IN TRUE SENSE OF THE WORD. RAMAKANT TIWARI, www.sanghparivar.org

**ਧਰਮ ਬਿਨਾ ਵਿਗਿਆਨ ਲੰਗੜਾ ਹੈ, ਵਿਗਿਆਨ ਬਿਨਾ ਧਰਮ ਅੰਨ੍ਹਾ ਹੈ। ਅਲਬ੍ਰਟ ਆਈਨਸਟੀਨ**

**ਡਾ. ਹਰਭਜਨ ਸਿੰਘ ਨੇ ਪੁਨਰ–ਸਮੀਖਿਆ ਵਿਚ ‘ਵਿਰੋਧੀ ਧਿਰ’ ਪਦ ਦੀ ਖੁਲ੍ਹੀ–ਡੁਲ੍ਹੀ ਵਰਤੋਂ ਕੀਤੀ ਹੈ, ਅਸੀਂ ਦਸਣਾਂ ਚਾਹੁੰਦੇ ਹਾਂ ਕਿ ਅਸੀਂ ਅਖੌਤੀ ਦਸਮ ਗਰੰਥ ਦੇ ਵਿਰੋਧੀ ਨਹੀਂ ਹਾਂ, ਅਸੀਂ ਇਸ ਅਸ਼ਲੀਲ, ਮਿਥਿਹਾਸਕ ਪੁਲੰਦੇ ਨੂੰ ਤਰਕ ਦੀ ਬਿਨਾ ਤੇ ਇਸ ਨੂੰ ਗੁਰੁ ਗੋਬਿੰਦ ਸਿੰਘ ਜੀ ਦੀ ਕ੍ਰਿਤ ਅਤੇ ਧਾਰਮਿਕ ਗ੍ਰੰਥ ਹੀ ਨਹੀਂ ਮੰਨਦੇ। ਤਰਕ ਦਾ ਅਰਥ ਵਿਰੋਧ ਨਹੀਂ। ਕੋਸ਼ ਵਿਚ ਤਰਕਸ਼ੀਲ ਦੇ ਅਰਥ ਵਿਚਾਰਵਾਨ, ਸਮਝਦਾਰ, ਵਿਵੇਕੀ, ਗਿਆਨੀ, ਯੁਕਤੀਪੂਰਨ, ਨਿਆਂਯੁਕਤ, ਆਦਿ ਹਨ। ਸਾਡਾ ਵਿਚਾਰ ਹੈ ਕਿ ਸਿਖੀ ਦੀ ਸਿਰਜਨਾ ਹੀ ਤਰਕ ਤੋਂ ਹੋਈ ਹੈ। ਜੇ (੧੦) ਗੁਰੁ ਨਾਨਕ ਸਾਹਿਬ ਤਰਕਸ਼ੀਲ ਨਾ ਹੁੰਦੇ ਤਾਂ ਉਨ੍ਹਾਂ ਨੂੰ ਆਪਾ–ਕੁਰਬਾਨ ਕਰਨ ਅਤੇ ਕਰੜੀਆਂ ਘਾਲਨਾਂ ਘਾਲਨ ਦੀ ਕੀ ਲੋੜ ਸੀ? ਉਹ ਵੀ ਧੋਤੀ, ਟਿੱਕਾ, ਜੰਜੂ, ਬੋਦੀ ਸਜਾ ਕੇ ਜੀਵਨ ਬਿਤਾ ਜਾਂਦੇ। ਪੁਰਾਤਨ ਧਰਮਾਂ ਵਿਚ ਅੰਧਵਿਸ਼ਵਾਸ, ਅਵਤਾਰਵਾਦ, ਮਿਥਹਾਸ, ਫੋਕਟ ਕਰਮਕਾਂਡ, ਵਿਅਕਤੀ/ਮੂਰਤੀ ਪੂਜਾ ਪਰਧਾਨ ਸੀ। ਪਰ ਨਵੀਨ, ਆਧੁਨਿਕ ਸਿਖੀ ਵਿਚ ਪੁਰਾਤਨ ਅੰਧਵਿਸ਼ਵਾਸੀ ਸੰਕਲਪਾਂ, ਕਰਮਕਾਂਡਾਂ ਦੇ ਟਾਕਰੇ ਤਰਕਸ਼ੀਲ ਅਧਿਆਤਮਕ ਗਿਆਨ ਅਤੇ ਵਾਸਤਵ ਵਿਸ਼ਵਾਸ ਦਾ ਸੰਤੁਲਤ ਸੁਮੇਲ ਹੈ। ਗੁਰੁ ਗ੍ਰੰਥ ਸਾਹਿਬ ਦਾ ਪ੍ਰਮਾਣ,**

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥**
**ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥੧॥ ਪੰਨਾ ੧੨੪੫**

**ਸਨਾਤਨ (ਹਿੰਦੂ) ਧਰਮ ਦੇ ਕਰਤਾ–ਧਰਤਾ ਬ੍ਰਾਹਮਣ ਨੇ ਬ੍ਰਾਹਮਣ–ਸ਼ਾਹੀ ਹਿਤ ਹੋਰ ਜਾਤੀਆਂ ਨੂੰ ਵਿਦਿਆ ਅਤੇ ਧਾਰਮਿਕ ਗਿਆਨ ਤੋਂ ਵਾਂਝਿਆਂ ਰੱਖ ਕੇ ਅੰਧਵਿਸ਼ਵਾਸੀ ਭਰਮਾਂ, ਫੋਕਟ ਕਰਮਕਾਂਡਾਂ, ਉੱਚੀ–ਨੀਚੀ ਜਾਤ ਦੇ ਗਧੀ–ਗੇੜ ਵਿਚ ਨਿਰੰਤ੍ਰ ਪਾਈ ਰਖਣ ਲਈ ੨੭ ਸਿਮ੍ਰਤੀਆਂ, ੬ ਸ਼ਾਸ਼ਤ੍ਰ, ੧੮ ਪੁਰਾਣ, ਰਾਮਾਇਣ, ਗੀਤਾ, ਮਹਾਭਾਰਤ ਆਦਿ ਗ੍ਰੰਥ ਰਚ ਦਿੱਤੇ। ਗੁਰੁ–ਕਾਲ ਤੋਂ ਛੇਤੀ ਮਗਰੋਂ ਗੁਮਨਾਮ, ਅਖੌਤੀ/ਨਕਲੀ ਸਿਖ/ਅਸਿਖ ਲੇਖਕਾਂ ਨੇ ਹਿੰਦੂ ਸਾਹਿਤ ਦੀ ਰੀਸ ਜਾਂ ਨਕਲ ਕਿਰਦਿਆਂ ਇਸ ਪਰਕਾਰ ਦੇ ਕਈ ਗ੍ਰੰਥ ਸਿਖ ਕੌਮ ਦੇ ਪੱਲੇ ਪਾ ਦਿੱਤੇ। ਮਹੰਤਾਂ, ਪੁਜਾਰੀਆਂ, ਆਦਿ ਨੇ ਗੁਰੁ ਗ੍ਰੰਥ ਵਿਚਲੀ ਗੁਰਮਤ, ਗੁਰਮਰਯਾ ਛਿੱਕੇ ਟੰਗ ਕੇ ਇਨ੍ਹਾਂ ਅਖੌਤੀ ਗ੍ਰੰਥਾਂ ਵਿਚਲੇ ਅੰਧਵਿਸ਼ਵਾਸੀ ਸੰਸਕਾਰਾਂ, ਕਰਮਕਾਂਡਾਂ, ਦੇਵ/ਦੇਵੀ ਪੂਜਾ, ਆਦਿ ਦੇ ਗਧੀ–ਗੇੜ ਵਿਚ ਸਿਖ ਕੌਮ ਨੂੰ ਕਈ ਸਦੀਆਂ ਪਾਈ ਰਖਿਆ। ਸਿੰਘ ਸਭਾ ਅਤੇ ਸ਼੍ਰੋਮਣੀ ਕਮੇਟੀ ਨੇ ਸਿਖੀ ਪ੍ਰਚਾਰ, ਸੰਸਕਾਰਾਂ ਅਤੇ ਗੁਰਧਾਮਾਂ ਦੇ ਪ੍ਰਬੰਧ ਵਿਚ ਕੁਛ ਸੁਧਾਰ ਲਿਆਂਦਾ ਸੀ। ਪਰ ਕੁਝ ਸਮੇਂ ਤੋਂ ਸਿਖੀ ਪ੍ਰਚਾਰ, ਗੁਰਧਾਮਾਂ ਦਾ ਪ੍ਰਬੰਧ ਅਤੇ ਕੌਮ ਦੀ ਵਾਗ–ਡੋਰ ਕਪਟੀ ਰਾਜਨੀਤਕਾਂ, ਗੁਰੂ–ਘੰਟਾਲ ਸੰਤ ਸਮਾਜ, (ਅੰਤ੍ਰਗਤੀ) ਸੰਘ ਪਰਵਿਾਰ ਦੇ ਹੱਥ–ਠੋਕੇ ਆਚਣਹੀਣ ਮਹੰਤਾਂ ਦੇ ਉਤਰਾਧਕਾਰੀ ਅਖੌਤੀ ਜਥੇਦਾਰਾਂ, ਸਿੰਘ ਸਾਹਿਬਾਨਾਂ ਦੇ ਹੱਥ ਆ ਹੋਈ ਹੈ, ਜੋ ਤਰਕਸ਼ੀਲ ਵਿਦਵਾਨਾਂ ਉੱਤੇ ਤਾਂ ਫਤਵੇ ਦਾਗਦੇ ਹਨ, ਪਰ ਅਘੋਰੀ ਵਾਮ–ਮਾਰਗੀ ਅਸ਼ਲੀਲ, ਊਟ–ਪਟਾਂਗ ਮਿਥਿਹਾਸ ਦੇ ਪੁਲੰਦੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਿਰ ਮੜ੍ਹ ਕੇ ਦਸਮੇਸ਼ ਨਾਨਕ ਅਤੇ ਸਿਖੀ ਨੂੰ ਕਲੰਕਤ ਕਰਨ ਵਾਲੇ ਡੁਰਲੀ ਜਥੇ ਦੀ ਪਿਠ ਠੋਕਦੇ ਹਨ।**

## ਕਾਲਕਾ ਗ੍ਰੰਥ, ਕਾਲਕਾ ਪੰਥ

ਅਖੌਤੀ ਦਸਮ ਗ੍ਰੰਥ, ਜਿਸ ਵਿਚ ਮੁਖ ਨਾਇਕ 'ਕਾਲ' ਅਤੇ ਨਾਇਕਾ 'ਕਾਲਕਾ' ਦੇਵੀ ਦੇ ਹਾਸੋ-ਹੀਣੇ ਮਿਥਿਹਾਸਕ ਪ੍ਰਸੰਗ ਹਨ, ਨੂੰ ਕਾਲਕਾ ਗ੍ਰੰਥ, ਅਤੇ ਕਾਲ, ਕਾਲਕਾ ਦੇ ਉਪਾਸ਼ਕ ਚੁੰਚ ਗਿਆਨੀਆਂ, ਅਜੋਕੇ ਮਹੰਤਾਂ, ਪੁਜਾਰੀਆਂ ਭਾਵ ਅਖੌਤੀ ਜਥੇਦਾਰਾਂ, ਸਿੰਘ ਸਾਹਿਬਾਨਾਂ, ਡੇਰੇਦਾਰ ਗੁਰੂ-ਘੰਟਾਲਾਂ, ਭੰਗੀ ਨਿਹੰਗਾਂ, ਬਗਲੇ-ਭਗਤ ਸੰਤ ਬਾਬਿਆਂ ਨੂੰ ਕਾਲਕਾ ਪੰਥੀ ਹੀ ਕਹਿਣਾ ਢੁਕਦਾ ਹੈ।

## ਅਖੌਤੀ ਦਸਮ, (ਕਾਲਕਾ) ਗ੍ਰੰਥ ਦਾ ਪ੍ਰਕਾਸ਼

'ਅਠਾਰਵੀਂ ਅਤੇ ਉਨਵੀਂ ਸਦੀ ਵਿਚ ਸ਼੍ਰੀ ਦਸਮ ਗ੍ਰੰਥ ਸਾਹਿਬ ਪ੍ਰਕਾਸ਼ ਬਿਨਾ ਕਿਸੇ ਕਿੰਤੂ ਦੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨਾਲ ਕੀਤਾ ਰਿਹਾ ਜਾਂਦਾ (ਰਿਹਾ) ਹੈ, ਹਾਲਾਂਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੁਤਾ ਅਤੇ ਪ੍ਰਾਥਮਿਕਤਾ ਦਾ ਵਿਚਾਰ ਕਦੇ ਵੀ ਸ਼ਿਥਿਲ ਨਹੀਂ ਹੋਇਆ।' ਪੁਨਰ-ਸਮੀਖਿਆ, ਪੰਨਾ xxxi

ਅੰਧਵਿਸ਼ਵਾਸੀ ਮਿਥਿਹਾਸ, ਅਸ਼ਲੀਲ ਕੂੜ ਦੇ ਪੁਲੰਦੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਅਤੇ ਧਾਰਮਿਕ ਗ੍ਰੰਥ ਵਜੋਂ ਪ੍ਰਚਾਰ ਕੇ ਗੁਰੂ ਅਤੇ ਸਿਖੀ ਨੂੰ ਕਲੰਕਤ ਕਰਨ ਵਾਲੇ ਕਾਲਕਾ ਪੰਥੀਆਂ ਨੇ ਆਪਣਾ ਪੱਖ ਪੂਰਨ ਲਈ ਸ਼ੋਸ਼ਿਆਂ, ਬੇਤੁਕੀਆਂ ਦਲੀਲਾਂ ਦੀ ਭਰਪੂਰ ਵਰਤੋਂ ਕੀਤੀ ਹੈ, ਭਾਵੇਂ ਇਹ ਪੰਜਾਬੀ ਅਖਾਣ 'ਚੋਰ ਨਾਲੇ ਚਤਰ' ਵਾਂਗ ਹੋਰਨਾ ਸਿਰ ਇਹੀ ਦੋਸ਼ ਮੜ੍ਹਦੇ ਹਨ। ਸੰਨ ੧੯੩੦ ਤੋਂ ਮਗਰੋਂ ਹਰਿਮੰਦਰ ਸਮੂਹ ਉੱਤੇ ਬਹੁਤਾ ਸਮਾਂ ਭਾਵੇਂ ਮਹੰਤਾਂ, ਪੁਜਾਰੀਆਂ ਅਤੇ ਉਸੇ ਵਰਗ ਦੇ ਜਥੇਦਾਰਾਂ ਆਦਿ ਦਾ ਹੀ ਕਬਜ਼ਾ ਰਿਹਾ ਹੈ, ਪਰ ਫਿਰ ਵੀ ਇਥੋਂ ਅਖੌਤੀ ਦਸਮ (ਕਾਲਕਾ) ਗ੍ਰੰਥ ਦੇ ਪ੍ਰਕਾਸ਼, ਪਾਠ ਵਿਰੁਧ ਅਦੇਸ਼ ਜਾਰੀ ਹੁੰਦੇ ਰਹੇ ਹਨ, ਜੋ ਡਾ. ਹਰਭਜਨ ਸਿੰਘ ਦੇ ਕਤਨ ਨੂੰ ਝੁਠਲਾਉਂਦੇ ਹਨ।

## ਦਸਮ ਗ੍ਰੰਥ ਦਾ ਅਖੰਡ/ਸਧਾਰਨ ਪਾਠ ਗੁਰੂ ਗ੍ਰੰਥ ਸਾਹਿਬ ਤਰ੍ਹਾਂ ਕਿਤੇ ਨਹੀਂ ਹੋ ਸਕਦਾ

"ਇਸ ਵਾਰੀ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਦੇ ਸਮੇਂ ਖਾਸ ਗੱਲ ਦੇਖਣ ਵਿਚ ਆਈ ਕਿ ਅਕਾਲ ਤਖਤ ਦੇ ਦਰਸ਼ਨੀ ਚਬੂਤਰੇ ਉੱਤੇ ਦਸਮ ਗ੍ਰੰਥ ਦਾ ਅਖੰਡ ਪਾਠ ਰੱਖਿਆ ਗਿਆ। ਇਹ ਸ਼ਾਇਦ ਆਪਣੀ ਕਿਸਮ ਦਾ ਪਹਿਲਾ ਮੌਕਾ ਹੈ, ਜਦੋਂ ਦਸਮ ਗ੍ਰੰਥ ਦਾ ਅਖੰਡ ਪਾਠ ਏਥੇ ਰੱਖਿਆ ਗਿਆ। ਇਸ ਪਾਠ ਤੋਂ ਪੜ੍ਹੀ ਲਿਖੀ ਸਿੱਖ ਜਨਤਾ ਵਿਚ ਚਰਚਾ ਚੱਲੀ। ਚੰਗਾ ਹੋਵੇ ਜੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਦਸਮ ਗ੍ਰੰਥ ਦੇ ਇਸ ਤਰ੍ਹਾਂ ਦੇ ਪਾਠ ਰੱਖੇ ਜਾਣ ਦੀ ਪੁਰਾਤਨ ਮਰਯਾਦਾ ਹੋਣ ਬਾਬਤ ਕੋਈ ਪਤਾ ਦੇਣ ਤਾਂ ਜੋ ਕਿ ਸੰਗਤਾਂ ਵਿਚ ਇਹ ਖਿਆਲ ਨਾ ਰਹੇ ਕਿ ਕੋਈ ਨਵਾਂ ਰਿਵਾਜ ਤੋਰਿਆ ਜਾ ਰਿਹਾ ਹੈ।" ਭਾਈ ਵੀਰ ਸਿੰਘ ਸੰਪਾਦਿਤ ਖਾਲਸਾ ਸਮਾਚਾਰ, ੧ ਜਨਵਰੀ ੧੯੪੨।

"ਪਾਠਕਾਂ ਨੂੰ ਯਾਦ ਹੋਵੇਗਾ ਕਿ ਪਿਛਲੇ ਦਿਨੀਂ ਅਕਾਲ ਤਕਤ ਸਾਹਿਬ ਵਿਖੇ ਦਸਮ ਗ੍ਰੰਥ ਦੇ ਦੋ ਪਾਠ ਰੱਖੈ ਗਏ ਸਨ ਤੇ ਉਸੇ ਅਦਬ ਤੇ ਸਤਕਾਰ ਨਾਲ ਰੱਖੇ ਗਏ ਸਨ, ਜਿਸ ਰੀਤੀ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਖੇ ਜਾਂਦੇ ਹਨ। 'ਖਾਲਸਾ ਸਮਾਚਾਰ' ਨੇ ਇਸ ਉੱਤੇ ਮੁੱਖ ਲੇਖ ਲਿਖ ਕੇ ਪੁੱਛ ਕੀਤੀ ਸੀ, ਜਿਸ ਉੱਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਇਹ ਮਾਮਲਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪਾਸ ਭੇਜਿਆ ਨੇ ਆਪਨੀ ਧਾਰਮਕ ਸਬ-ਕਮੇਟੀ ਦੇ ਸਪੁਰਦ ਕੀਤਾ। ਗਿਆਨੀ ਸ਼ੇਰ ਸਿੰਘ, ਜੋ ਕਿ ਸਬ-ਕਮੇਟੀ ਦੇ ਮੈਂਬਰ ਹਨ, ਆਪਣੇ ਅਖਬਾਰ 'ਪੰਜਾਬ' ਵਿਚ ਲਿਖਦੇ ਹਨ":-

"੪ ਮਈ ਨੂੰ ਧਾਰਮਕ ਸਬ-ਕਮੇਟੀ ਦੀ ਮੀਟਿੰਗ ਸ਼ਹੀਦ ਮਿਸ਼ਨਰੀ ਕਾਲਜ ਵਿਚ ਹੋਈ, *ਸੱਤਾਂ ਵਿਚੋਂ ਚਾਰ ਮੈਂਬਰ* ਸ਼੍ਰੀਮਾਨ ਗਿਆਨੀ ਸ਼ੇਰ ਸਿੰਘ, ਸਿੰਘ ਸਾਹਿਬ ਗਿਆਨੀ ਮੋਹਨ ਸਿੰਘ, ਜਥੇਦਾਰ ਅਕਾਲ ਤਖਤ ਸਾਹਿਬ, ਪ੍ਰੋ: ਤੇਜਾ ਸਿੰਘ ਤੇ ਪ੍ਰੋ: ਗੰਗਾ ਸਿੰਘ ਸਨ। ਫੈਸਲਾ ਹੋਇਆ ਕਿ, 'ਦਸਮ ਗ੍ਰੰਥ ਦਾ ਅਖੰਡ ਪਾਠ, ਸਧਾਰਨ ਜਾਂ ਸਪਤਾਹਕ ਆਦਿ ਪਾਠ ਗੁਰੂ ਗ੍ਰੰਥ ਸਾਹਿਬ ਦੀ ਤਰ੍ਹਾਂ ਕਿਤੇ ਨਾ ਕੀਤਾ ਜਾਵੇ। ਹਾਂ ਵਿਚਾਰਨ ਦੇ ਤੌਰ ਪਰ ਇਸ ਦਾ ਪੜ੍ਹਨਾ-ਸੁਣਨਾ ਲਾਭਦਾਇਕ ਹੋਵੇਗਾ।" *ਧਾਰਮਕ ਸਲਾਹਕਾਰ ਕਮੇਟੀ ਦੇ ਤਿਨ ਮੈਂਬਰ ਬਾਵਾ ਹਰਕਿਸ਼ਨ ਸਿੰਘ, ਮਹੰਤ ਮੂਲਾ ਸਿੰਘ ਹੈਡ ਗ੍ਰੰਥੀ ਹਰਿਮੰਦਰ ਸਾਹਿਬ ਅਤੇ ਪ੍ਰਿੰਸੀਪਲ ਜੋਧ ਸਿੰਘ ਇਸ ਮਤੇ ਪ੍ਰਤੀ ਸਹਿਮਤੀ ਪਹਿਲਾਂ ਪ੍ਰਗਟ ਕਰ ਚੁਕੇ ਸਨ।

ੴ ਵਾਹਿਗੁਰੂ ਜੀ ਕੀ ਫਤਹ

ਦਫਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ,
ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ
ਨੰ: ੩੬੬੭੨, ੩-੮-੧੯੭੩

ਸ੍ਰ: ਸੰਤੋਖ ਸਿੰਘ
ਕਸੌਲੀ, ਹਿਮਾਚਲ ਪ੍ਰਦੇਸ਼:
ਸ੍ਰੀਮਾਨ ਜੀ

ਆਪ ਜੀ ਦੀ ਪਤ੍ਰਿਕਾ ਮਿਤੀ ੬-੭-੭੩ ਦੇ ਸਬੰਧ ਵਿਚ ਸਿੰਘ ਸਾਹਿਬਾਨ (ਗਿ: ਚੇਤ ਸਿੰਘ ਹੈਡ ਗ੍ਰੰਥੀ, ਗਿ: ਕਿਰਪਾਲ ਸਿੰਘ, ਗਿ: ਸੋਹਨ ਸਿੰਘ, ਗ੍ਰੰਥੀ ਹਰਮੰਦਰ) ਅਤੇ ਅਕਾਲ ਤਖਤ ਜਥੇਦਾਰ (ਗਿ: ਸਾਧੂ ਸਿੰਘ ਭੌਰਾ) ਦੀ ਰਾਏ ਹੇਠ ਲਿਖੇ ਅਨੁਸਾਰ ਆਪ ਜੀ ਨੂੰ ਭੇਜੀ ਜਾਂਦੀ ਹੈ;

੧) ਰਾਜ ਕਰੇਗਾ ਖਾਲਸਾ, ਜੋ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਦਵਾਰਿਆਂ ਵਿਚ ਪੜ੍ਹਿਆ ਜਾਂਦਾ ਹੈ, ਇਹ ਗੁਰਮਤਿ ਦੇ ਅਨੁਕੂਲ ਹੈ, ਇਸ ਫੈਸਲੇ ਤੇ ਸ਼ੰਕਾ ਨਹੀਂ ਕਰਨੀ ਚਾਹੀਦੀ।

੨) ਚਰਿਤ੍ਰੋ ਪਾਖਿਆਨ ਜੋ ਦਸਮ ਗ੍ਰੰਥ ਵਿਚ ਅਮਕਿਤ ਹਨ, ਇਹ ਦਸੇਸ਼ ਬਾਣੀ ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।

ਸ਼ੁਭ ਚਿੰਤਕ ਸਹੀ/- (ਗੁਰਬਖਸ਼ ਸਿੰਘ), ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ<br>
ਸ਼ੋਮਣੀ ਗਰਦਵਾਰਾ ਪਬੰਧਕ ਕਮੇਟੀ ਅੰਮਿਤਰਸਰ

ੴ ਵਾਹਿਗੁਰੂ ਜੀ ਕੀ ਫ਼ਤਹ ॥

# ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਨੰਬਰ ਅ:3/08/3143.  ਮਿਤੀ 6-6-08

ਅੱਜ ਮਿਤੀ ੨੩ ਜੇਠ ਸੰਮਤ ਨਾਨਕਸ਼ਾਹੀ ੫੪੦ (੦੬ ਜੂਨ ੨੦੦੮) ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ<br>
ਪੰਜ ਸਿੰਘ ਸਾਹਿਬਾਨ ਦੀ ਇਕੱਤ੍ਰਤਾ ਵਿਚ ਪ੍ਰਵਾਨ ਕੀਤਾ ਗਿਆ

## ਗੁਰਮਤਾ - ੧

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 300 ਸਾਲਾ ਗੁਰਤਾ ਗੱਦੀ ਦਿਵਸ ਸਮੁੱਚੇ ਸਿੱਖ ਪੰਥ ਲਈ **"ਗੁਰੂ ਗਰੰਥ-ਗੁਰੂ ਪੰਥ"** ਦੇ ਸਿਧਾਂਤ ਪ੍ਰਤੀ ਵਚਨਬੱਧਤਾ ਪ੍ਰਗਟਾਉਣ ਦਾ ਸੁਨਹਿਰੀ ਮੌਕਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਹੁਕਮ **"ਸਭ ਸਿੱਖਨ ਕੋ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ"** 'ਤੇ ਸਿੱਖ ਪੰਥ ਅਮਲ ਕਰਦਿਆਂ ਹੋਇਆਂ ਹਮੇਸ਼ਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਜਾਗਤਿ ਜੋਤਿ ਸਤਿਗੁਰੂ ਸਵੀਕਾਰ ਕੇ ਦ੍ਰਿੜ੍ਹਤਾ ਸਹਿਤ ਪਹਿਰਾ ਦਿੰਦਾ ਆਇਆ ਹੈ। ਸਿੱਖ ਪੰਥ ਨੇ ਹਰ ਕੌਮੀ ਸੰਕਟ ਦੀ ਨਿਵ੍ਰਤੀ ਲਈ ਜੁਗੋ-ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰਹਿਨੁਮਾਈ ਗ੍ਰਹਿਣ ਕੀਤੀ ਹੈ। ਸ੍ਰੀ ਦਸਮ ਗ੍ਰੰਥ ਸਬੰਧੀ ਖੜਾ ਕੀਤਾ ਗਿਆ ਵਿਵਾਦ ਬਿਲਕੁਲ ਬੇਲੋੜਾ ਹੈ। ਸਿੱਖ ਪੰਥ ਵਲੋਂ ਦਸਮ ਗ੍ਰੰਥ ਦੀਆਂ ਜਿਨ੍ਹਾ ਰਚਨਾਵਾਂ ਨੂੰ ਸਿੱਖ ਰਹਿਤ ਮਰਯਾਦਾ, ਨਿਤਨੇਮ ਅਤੇ ਅੰਮ੍ਰਿਤ ਸੰਚਾਰ ਲਈ ਸਵੀਕਾਰ ਕੀਤਾ ਜਾ ਚੁੱਕਾ ਹੈ, ਉਨ੍ਹਾ ਬਾਰੇ ਕਿਸੇ ਨੂੰ ਵੀ ਵਾਦ-ਵਿਵਾਦ ਖੜਾ ਕਰਨ ਦਾ ਕੋਈ ਅਧਿਕਾਰ ਨਹੀ। ਸਮੁੱਚੇ ਸਿੱਖ ਪੰਥ ਨੂੰ ਵਿਦਿਤ ਹੋਵੇ ਕਿ ਸ੍ਰੀ ਦਸਮ ਗ੍ਰੰਥ ਸਿੱਖ ਪੰਥ ਦੇ ਸਾਹਿਤ ਅਤੇ ਇਤਿਹਾਸ ਦਾ ਅਨਿਖੜਵਾਂ ਅੰਗ ਹੈ, ਪਰ ਇਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਮਾਨਤਾ ਨਹੀ ਦਿੱਤੀ। ਆਪ ਜੀ ਵਲੋਂ ਗੁਰਤਾ ਗੱਦੀ ਕੇਵਲ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲੀ ਹੈ, ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੋਰ ਕਿਸੇ ਗ੍ਰੰਥ ਦਾ ਪ੍ਰਕਾਸ਼ ਨਹੀ ਕੀਤਾ ਜਾ ਸਕਦਾ।

ਜੋਗਿੰਦਰ ਸਿੰਘ<br>
(ਜੋਗਿੰਦਰ ਸਿੰਘ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ।ਸਿਖ ਰਹਿਤ ਮਰਯਾਦਾ
ਸੰਗਤ ਵਿਚ ਕੀਰਤ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ-ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।ਉਹੀ

## ਸ਼੍ਰੀ ਦਸਮ ਗ੍ਰੰਥ ਦੇ ਸੰਕਲਨ ਦੀ ਗਾਥਾ

'ਵਿਰੋਧੀ ਧਿਰ ਇਤਿਹਾਸ ਤਥਾਂ ਨੂੰ ਤੋੜ-ਮਰੋੜ ਕੇ ਪਾਠਕ ਨੂੰ ਇਸ ਭਰਮ ਵਿਚ ਰਖਣਾ ਚਾਹੁੰਦੀ ਹੈ ਕਿ, ਅਠਾਰਵੀਂ ਸਦੀ ਵਿਚ ਨਾ ਤਾਂ 'ਦਸਮ ਗ੍ਰੰਥ' ਦੀ ਕੋਈ ਬੀੜ ਮਿਲਦੀ ਸੀ ਅਤੇ ਨਾ ਹੀ ਕਿਸੇ ਸਿਖ ਸਾਹਿਤਕਾਰ ਨੇ ਇਸ ਦੀ ਬਾਣੀ ਦੇ ਸੰਕਲਨ ਦਾ ਕੋਈ ਜ਼ਿਕਰ ਕੀਤਾ ਹੈ। ਅਸਲ ਵਿਚ ਭਾਈ ਕੇਸਰ ਸਿੰਘ 'ਛਿਬਰ' ਨੇ ਇਸ ਗ੍ਰੰਥ ਦੀ ਸੰਪਦਾਨਾ ਸੰਬੰਧੀ ਵਿਸਤ੍ਰਤ ਜਾਣਕਾਰੀ ਸਾਡੇ ਤਕ ਪੁਹੰਚਾਈ ਹੈ। ੧੭੬੯ ਈ. ਵਿਚ ਭਾਈ ਕੇਸਰ ਸਿੰਘ 'ਛਿਬਰ' ਦੁਆਰਾ ਰਚਿਤ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਆਪਣੀਆਂ ਸਮੂਹ ਊਣਤਾਈਆਂ ਸਹਿਤ ਵੀ ਸਿਖ ਸਿਧਾਂਤ ਅਤੇ ਇਤਿਹਾਸ ਸੰਬੰਧੀ ਮਹਤਵ-ਪੂਰਨ ਜਾਣਕਾਰੀ ਦੇਣ ਵਾਲਾ ਗ੍ਰੰਥ ਹੈ। ਕੇਸਰ ਸਿੰਘ ਛਿਬਰ ਦੇ ਕੁਝ ਵਿਚਾਰਾਂ ਨੂੰ ਅਧਾਰ ਬਣਾ ਕੇ ਉਸ ਉੱਤੇ ਬ੍ਰਾਹਮਣਵਾਦੀ ਹੋਣ ਦਾ ਦੋਸ਼ ਆਰੋਪਿਤ ਕਰਦਿਆਂ ਉਸ ਦੀ ਸਾਹਿਤਕ ਸੇਵਾ ਨੂੰ ਨਕਾਰਨਾ ਅਨੁਚਿਤ ਹੈ।' ਪੁਨਰ-ਸਮੀਖਿਆ, ਪੰਨਾ ੭

ਕੇਸਰ ਸਿੰਘ ਛਿਬਰ ਤੇ ਸੋਹਨ ਸਿੰਘ ਸੀਤਲ ਦੀਆਂ ਟਿਪਣੀਆਂ ਅਤੇ ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਵਿਚੋਂ ਹੇਠ ਦਿੱਤੇ ਪ੍ਰਮਾਣ ਡਾ. ਹਰਭਜਨ ਸਿੰਘ ਦੀ ਸ਼ੋਸ਼ਾਬਾਣੀ ਨੂੰ ਝੁਠਲਾਉਂਦੇ ਹਨ। ਟੇਢੇ ਅਖਰੀ ਪਦ ਪੁਨਰ-ਸਮੀਖਿਆ ਵਿਚੋਂ ਹਨ।

ਮਾਤਾ ਗਉਰਿ ਮਨਾਇਕੈ ਸੁਰਸਤੀ ਪੂਜੋਂ ਮਾਤ।ਬਾਕਬਾਨੀ ਕੇ ਚਰਨ ਲਗ ਕੀਜੈ ਬਦਨ ਹਮਾਰਾ ਸ਼ਾਂਤ।੨।੧।ਬੰਸਾਵਲੀਨਾਮਾ
ਗਉਰੀ ਪੂਤ ਗਨੇਸ ਜੀ ਬਿਨਤੀ ਸੁਨਐ ਏਹੁ। ਭੂਲ਼ ਚੂਕ ਮਮ ਖਿਮਾ ਕਰ ਬੁਧਿ ਉਜਲ ਕਰ ਦੇਹਿ।੩।੧।ਉਹੀ
ਅੱਸੂ ਸੁਦੀ ਇਕਾਦਸੀ, ਇਹ ਪੋਥੀ ਪੂਰੀ ਕੀਤੀ। ਟੁੱਟੀ ਭੰਨੀ ਜੋੜ ਜਾੜ ਸਾਬਤ ਕਰ ਲੀਤੀ।੬੨੬।੧੪। ਉਹੀ
*ਸਿੰਘ ਕੇਸਰ 'ਛਿਬਰ' ਮੂਰਖ ਹੈ।ਦੇਖਣ ਨੂੰ ਚੰਗੀ ਸੂਰਤ ਹੈ।*
*ਦੇਖਣ ਨੂੰ ਸੋਨਾ ਬਾਰਾ (ਸ਼ੁਧ) ਹੈ।ਭੀਤਰ ਭਰੀ ਭੰਗਾਰਾ ਹੈ।੬੨੮।੧੪। ਉਹੀ*
ਉਤਮ ਜਾਮਾ ਬ੍ਰਹਮਣ ਹੈ।ਕਛੁ ਵਿਦਿਆ ਨ ਸਿਖੀ ਦੇ ਮਨ ਹੈ।
ਦੇਖਣ ਨੂੰ ਬਿਰਧ ਅਵਸਥਾ ਹੈ। ਮਨ ਵਿਕਾਰਾਂ ਵਿਚਿ ਨਸਦਾ ਹੈ।੬੩੦।੧੪। ਉਹੀ
*ਦੇਖਣ ਨੂੰ ਕੇਸਾਧਾਰੀ ਹੈ। ਅਤੇ ਮਨ ਖੋਟਾ ਕੁੜਿਆਰੀ ਹੈ*
*ਸ਼ਬਦ ਬਾਣੀ ਵੀ ਪੜ੍ਹਦਾ ਹੈ ਅਤੇ ਫੇਰ ਕੁਸੰਗਤ ਵਿਚ ਵੜਦਾ ਹੈ।*
ਉਤਮ ਜਾਮਾ ਬ੍ਰਹਮਣ ਹੈ। ਪਰ ਵਸਿ ਨ ਆਇਆ ਅਹਿ ਮਨ ਹੈ।੬੩੧।੧੪। ਉਹੀ

"ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਜੋਤੀ ਜੋਤ ਸਮਾਉਣ ਪਿਛੋਂ ਛੇਤੀ ਹੀ ਸਿਖਾਂ ਵਿਚ ਹਿੰਦੂ ਵਿਚਾਰਧਾਰਾ ਦੀ ਮਿਲਾਵਟ ਸ਼ੁਰੂ ਹੋ ਗਈ। ਜੰਗੀ ਸਿਖ ਤਾਂ ਸਰਕਾਰ ਦੇ ਬਾਗੀ ਸਮਝੇ ਜਾਣ ਕਰਕੇ ਜੰਗਲਾਂ ਵਿਚ ਚਲੇ ਗਏ, ਤੇ ਨਰਮ ਖਿਆਲੀਏ ਸਿਖਾਂ ਦਾ ਝੁਕਾਉ ਸਨਾਤਨੀ ਵਿਚਾਰਾਂ ਵੱਲ ਹੋ ਗਿਆ। ਉਸ ਦਾ ਅਸਰ ਉਸ ਸਮੇਂ ਦੇ ਇਤਿਹਾਸਕਾਰਾਂ ਉਤੇ ਵੀ ਪੈ ਗਿਆ।"

"ਕੇਸਰ ਸਿੰਘ ਛਿੱਬਰ ਦੀ ਲਿਖਤ ਪੂਰੀ ਤਰ੍ਹਾਂ ਹਿੰਦੂ ਮੱਤ ਅਸਰ ਥੱਲੇ ਹੈ। ਖਾਸ ਕਰਕੇ ਮਨੂੰ ਸਿਮ੍ਰਿਤੀ ਦਾ ਉਹਦੇ ਮਨ ਉੱਤੇ ਬਹੁਤ ਅਸਰ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਉਲਟ ਉਹ ਬ੍ਰਾਹਮਣ ਜਾਤੀ ਨੂੰ ਦੂਸਰਿਆਂ ਨਾਲੋਂ ਉੱਤਮ ਮੰਨਦਾ ਹੈ। ਏਥੋਂ ਤਕ ਕਿ ਬ੍ਰਾਹਮਣ ਬੰਸ ਵਿਚ ਹੋਣ ਕਾਰਨ ਉਹ ਆਪਣੇ ਆਪ ਨੂੰ ਉੱਤਮ ਕਹਿੰਦਾ ਹੈ। ਅੰਮ੍ਰਿਤਸਰ ਸਰੋਵਰ ਦੀ ਬੇਅਦਬੀ ਹੋਈ ਤੇ ਲੇਖਕ ਪੰਡਤਾਂ ਤੋਂ ਹੋਮ ਕਰਾਕੇ ਉਸ ਨੂੰ ਪਵਿਤਰ ਕਰਦਾ ਹੈ। ਫਿਰ ਗੁਰੂ ਅਰਜਨ ਦੇਵ ਜੀ ਨੂੰ 'ਕੁੰਤੀ ਪੁੱਤਰ ਅਰਜਨ' ਦਾ ਅਵਤਾਰ ਮੰਨਦਾ ਹੈ। ਇਹ ਸਭ ਕੁਛ ਗਿਣ ਮਿਥ ਕੇ ਕਿਸੇ ਸੋਚੀ ਸਮਝੀ ਚਾਲ ਅਨੁਸਾਰ ਕੀਤਾ ਗਿਆ ਜਾਪਦਾ ਹੈ।" ਸੋਹਣ ਸਿੰਘ ਸੀਤਲ, ਸਿਖ ਇਤਿਹਤਸ ਦੇ ਸੋਮੇ, ਪੰਨਾ ੧੯੨-੩
ਜੋ ਅਬ ਗ੍ਰੰਥ ਦਸਮ ਗੁਰ ਕੇਰਾ। ਕਹਿਲਾਵਤ ਮੱਧ ਪੰਥ ਵਡੇਰਾ।
ਗੁਰ ਕੇ ਸਮੇਂ ਬੀੜ ਨਹਿ ਤਾਂ ਕੀ। ਭਈ ਬਾਣੀਆਂ ਰਹੀ ਇਕਾਂਕੀ।
ਅਨਿਕ ਠੌਰ ਪੋਥੀਆਂ ਮਾਹਿ। ਬਾਣੀ ਰਹੀ ਦਸਮ ਗੁਰ ਵਾਹਿ।
ਬਲਕਿ ਇਕ ਥਿਰ ਸਿੰਘਨ ਬਖਯਾਤ। ਗੁਰ ਢਿੰਗ ਬਿਨੇ ਕਰੀ ਇਸ ਭਾਂਤ
ਹੇ ਸਤਿਗੁਰ ਜੋ ਤੁਮਰੀ ਬਾਨੀ ਚਹੀਏ ਇਕ ਠਾਂ ਬੀੜ ਬਨਾਨੀ।
ਆਦਿ ਗ੍ਰੰਥ ਸਾਹਿਬ ਸਮ ਗ੍ਰੰਥ। ਇਹ ਭੀ ਬਨ ਹੈ ਮਾਨੇ ਪੰਥ।
ਇਹ ਸੁਣ ਦਸਮੇਂ ਗੁਰੂ ਉਚਾਰੀ। ਗੁਰੂ ਅਰਜੁਨ ਬਡ ਭਏ ਉਪਕਾਰੀ।
ਤਿਨ ਕੀ ਨਹਿ ਬਰਾਬਰੀ ਚਹੀਏ। ਨਾ ਹਮ ਕਰੈਂ ਨਾ ਤੁਮ ਫਿਰ ਕਹੀਏ।ਗਿ: ਗਿਆਨ ਸਿੰਘ, ਪੰਥ ਪ੍ਰਕਾਸ਼, ਨਿਵਾਸ ੩੬, ੧੯

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਮਾਣਿਕ ਦਰਬਾਰੀ ਕਵੀਆਂ ਦੇ ਰਹਿਤਨਾਮੇਆਂ ਤੋਂ ਦਸਮੇਸ਼ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੁ-ਗੱਦੀ ਪ੍ਰਦਾਨ ਕਰਨ ਅਤੇ ਪਾਹੁਲ ਦੀ ਰਸਮ ਪ੍ਰਤੀ ਜਾਨਕਾਰੀ ਮਿਲਦੀ ਹੈ। ਅਖੌਤੀ ਦਸਮ (ਕਾਲਕਾ) ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਹੈ; ਅਤੇ ਅਕਾਲ ਪੁਰਖ ਦੇ ਥਾਂ ਹਊਆ-ਰੂਪੀ ਕਾਲ ਪਦ ਦੀ ਵਰਤੋਂ ਦੇ ਪ੍ਰਮਾਣ ਨਹੀਂ ਮਿਲਦੇ ।ਪਿਆਰਾ ਸਿੰਘ ਪਦਮ ਸੰਪਾਦਤ ਪੁਸਤਕ 'ਰਹਿਤਨਾਮੇ' ਵਿਚੋਂ;-

ਜੋ ਮੁਝ ਬਚਨ ਸੁਨਨ ਕੀ ਚਹੇ ਕਰਿ ਬਾਤ। ਗ੍ਰੰਥ ਵਿਚਾਰ ਸੁਨਹੁ ਚਿਤ ਲਾਇ।

ਮੇਰਾ ਰੂਪ ਗ੍ਰੰਥ ਜੀ ਜਾਨ ।ਇਸ ਮੇਂ ਭੇਦ ਨ ਰੰਚਕ ਮਾਨ।੧੧।

ਤ੍ਰਿਯਾ ਰਾਗ ਸੁਨਹਿ ਚਿਤ ਲਾਇ। ਸੁਨਹੁ ਲਾਲ ! ਸੋ ਜਮਪੁਰਿ ਜਾਇ।੧੭।ਰਹਿਤਨਾਮਾ, ਤਨਖਾਹਨਾਮਾ ਭਾਈ ਨੰਦ ਲਾਲ ਜੀ

ਅਕਾਲ ਪੁਰਖ ਕਉ ਛਾਡਿ ਕਰਿ, ਭਜੇ ਦੇਵ ਕੋਈ ਅਉਰ। ਜਨਮ ਜਨਮ ਭ੍ਰਮਤਾ ਫਿਰਹਿ, ਲਹਹਿ ਨ ਸੁਖ ਕੀ ਠਉਰ।੧੬।

ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ।੩੦।ਰਹਿਤਨਾਮਾ ਪ੍ਰਹਿਲਾਦ ਸਿੰਘ

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ, ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਨ।ਰਤਿਨਾਮਾ ਦਯਾ ਸਿੰਘ

ਸੰਮਤ ਸਤਾਰਾਂ ਸੈ ਚਉਰੰਜਾ ਗਏ।੩੧੮।

ਦਿਨ ਚੇਤ੍ਰ ਦੇ ਅਠਾਈ ਬਾਕੀ ਆਇ ਰਹੇ।ਦਿਨ ਤ੍ਰੈ ਗੁਜ਼ਰੇ, ਤਾਂ ਚਉਪਾ ਸਿੰਘ ਬੁਲਾਇਆਂ।ਦਰਬਾਰ ਲਗਾ ਹੋਆਿ, ਦੀਵਾਨ ਦੋਨੋ ਪਾਸ ਬਹਾਇਆ।੩੧੯।

ਬਚਨ ਕੀਤਾ: "ਕਟੋਰਾ ਸੁਚੇਤ ਕਰਕੇ ਜਲ ਲੈ ਆਉ।ਸੋ ਲੈ ਅਇਆ, ਦਿਤੀ ਕਰਦ, ਕਹਿਆ ਹਿਲਾਉ।

'ਜਪ' ਅਤੇ 'ਅਨੰਦ'ਰਸਨੀ ਕਰਿ ਉਚਾਰੁ।ਤਾਂ ਦੀਵਾਨ ਸਾਹਿਬ ਚੰਦ, ਹੱਥ ਜੋੜ ਖਲੋਤਾ ਵਿਚਿ ਦਰਬਾਰ।੩੨੦।ਬੰਸਾਵਲੀਨਾਮਾ

ਕਹਯੋ ਧਿਆਨ ਅੰਮ੍ਰਿਤ ਮੈ ਰਾਖੋ।ਵਾਹਿਗੁਰੂ ਮੰਤ੍ਰ ਮੁਖ ਭਾਖੋ।ਜਪਜੀ ਸਾਹਿਬ ਸ੍ਰੀ ਗੁਰੂ ਮੰਤਰ।ਜਪਣ ਲਗੇਜਬ ਗੁਰੂ ਸੁਤੰਤ੍ਰ

ਗਿਓਨੀ ਘਿਆਨ ਸਿੰਘ, ਪੰਥ ਪ੍ਰਕਾਸ਼ ਪੰਨਾ ੨੩੦

ਕੇਸਰ ਸਿੰਘ ਛਿਬਰ ਦੇ ਬੰਸਾਵਲੀਨਾਮੇ, ਅਤੇ ਉਸ ਦੇ ਵਡੇਰੇ ਚਉਪਾ ਸਿੰਘ ਛਿਬਰ, ਦੇਸਾ ਸਿੰਘ ਅਤੇ ਦਯਾ ਸਿੰਘ ਦੇ ਰਹਿਤਨਾਮਿਆਂ, ਤਨਖਾਹਨਾਮਿਆਂ ਵਿਚ ਆਪਾ-ਵਿਰੋਧੀ, ਸਿਖੀ ਵਿਰੋਧੀ ਅਤੇ ਬ੍ਰਾਹਮਣਵਾਦੀ ਮਨੌਤਾਂ, ਸਿਧਾਂਤਾਂ, ਸੰਸਕਾਰਾਂ ਦੇ ਗੋਤਕੁਨਾਲੇ ਹਨ। ਇਨ੍ਹਾਂ ਦੀਆਂ ਲਿਖਤਾਂ ਵਿਚ ਅਖੌਤੀ ਦਸਮ (ਕਾਲਕਾ) ਗ੍ਰੰਥ ਵਿਚਲੀਆਂ ਰਚਨਾਵਾਂ ਦੀ ਹੋਂਦ ਦਾ ਵਰਣਨ ਵੀ ਹੈ। ਹੋ ਸਕਦਾ ਹੈ ਕਿ ਸੋਹਨ ਸਿੰਘ ਸੀਤਲ ਦੇ ਕਥਨ, 'ਸਿਖਾਂ ਵਿਚ ਹਿੰਦੂ ਵਿਚਾਰਧਾਰਾ ਦੀ ਮਿਲਾਵਟ ਸ਼ੁਰੂ ਹੋ ਗਈ', ਅਨੁਸਾਰ ਸਿਖੀ ਨੂੰ ਕਲੰਕਤ ਕਰਨ ਵਿਚ ਇਨ੍ਹਾਂ ਦਾ ਹੱਥ ਹੋਵੇ ।

ਜਗਤ ਮੇਂ ਮਾਯਾ ਕਾ ਤਿਆਗ ਕਰਿ ਰਹੈ, ਇਸਤ੍ਰੀ ਕੋ ਦੇਖਤ ਭਾਗੇ, ਧਨ ਕੇ ਹੇਤ ਨ ਲਾਗੇ,..।

ਏਕ ਪਾਉਂਚਾ ਨਿਚੋੜ ਕੇ ਏਕ ਪਾਵ।ਰਤਿਨਾਮਾ ਦਯਾ ਸਿੰਘ

ਗੋ ਬ੍ਰਹਮਣ ਕੀ ਰੱਖਿਆ ਕਰੇ ।੧੪। ਰਤੀ ਫੀਮ ਜੁ ਮਾਸਾ ਭੰਗ। ਇਨ ਕੋ ਖਾਵਹਿ ਕਦੀ ਨਿਸੰਗ।ਰਹਿਤਨਾਮਾ ਦੇਸਾ ਸਿੰਘ

ਅਤੇ ਜੰਞੂ ਟਿੱਕਾ ਧੋਤੀ ਕ੍ਰਿਆ ਕੋਈ ਨ ਕਰੈ। ਕੇਸਧਾਰੀ ਨੂੰ ਜੰਞੂ ਟਿੱਕਾ ਕੇਸ ਹੈਨਿ, ਸਹਜਧਾਰੀ ਨੂੰ ਪਰਵਾਨ ਹੈ।ਅਗੈ ਆਪਣੀ ਭਾਵਨੀ।

ਜੋ ਗੁਰੂ ਕਾ ਸਿਖ ਹੋਇ ਕੇਸਧਾਰੀ ਅਥਵਾ ਸਹਜਧਾਰੀ ਸੋ ਪ੍ਰਾਤਾ ਸਮੇਂ ਇਸ਼ਨਾਨ ਅਥਵਾ ਪੰਜ ਇਸ਼ਨਾਨ ਕਰੈ ਪੰਜ ਵੇਰੀ 'ਜਪੁਜੀ' ਪੜੈ। ਪਿਛਲੀ ਰਾਤਿ ਉਠ ਕੇ ਬੀੜੀ ਕਰੈ।

ਗੁਰੂ ਕੇ ਸਿਖ, ਸਿਖ ਨੂੰ ਜੇ ਕਰ ਢੰਗ-ਸੁਆਰਥ ਦਾ ਕਾਰਜ ਬਣੇ ਸੇਵਕ ਨਾਲ ਲੈਣ ਦਾ ਤਾਂ ਜੰਞੂ ਧਰ ਲਏ। ਕਾਰਜ ਕਰਕੇ ਆਪਣੀ ਭਾਵਣੀ ਨਾਲ ਉਤਾਰ ਛੋਡੇ।

ਜੋ ਬ੍ਰਾਹਮਣ ਗੁਰੂ ਜੀ ਕਾ ਹੋਵੈ, ਤਾਂ ਉਸ ਦੀ ਸੇਵਾ-ਟਹਿਲ ਕਰਣੀ ਦੂਣਾ ਨਫਾ।

ਗੁਰੂ ਕਾ ਸਿਖ ਜੋ ਧਰਮਸਾਲੀ ਹੋਵੇ, ਸੋ ਕੈਸਾ ਹੋਵੈ? ਗ੍ਰਿਹਸਤੀ ਨਾ ਹੋਵੈ,

ਗੁਰੂ ਕਾ ਸਿਖ ਪ੍ਰਾਤੇ ਉਠ ਕੇ ਸੂਰਜ ਨੂੰ ਨਮਸਤੇ ਆਖ ਕੇ ਸਿਖਾਂ ਨੂੰ ਵਾਹਗਿਰੂ ਜੀ ਕੀ ਫਤਹਿ ਬੁਲਾਵੇ। ੯੧

ਜੋ ਸੂਰਜ ਦੇਵਤੇ ਨੂੰ ਨਮਸਕਾਰ ਕਰੇ, ਸੋ ਤਨਖਾਹੀਆ। ਤਨਖਾਹਨਾਮਾ, ੧੦੪

ਪੱਗ ਰਾਤੀ ਲਾਹਿ ਕੇ ਸਵੇਂ ਸੋ ਭੀ ਤਨਖਾਹੀਆ। ਕੱਛ ਗੋਡੇ ਢਾਂਪੇ ਰਖੇ ਸੋ ਬੜਾ ਤਨਖਾਹੀਆ। ੧੦੩

ਆਗਿਆ ਸ੍ਰੀ ਅਕਾਲ ਪੁਰਖ ਦੀ ਨਾਲ, ਸ੍ਰੀ ਹਰਿਗੋਬਿੰਦ ਸੋਢੀ, ਦੇਗ ਤੇਗ ਦੇ ਧਨੀ, ਤਿਸ ਕੇ ਘਰਿ ਪੋਤ੍ਰੇ ਹੋਇ ਅਵਤਾਰੇ। ਹੇਮਕੁੰਟ ਪਰਬਤ-ਸੁਮੇਰ ਉਪਰੋਂ ਤਪ ਕਰਦੇ ਆਏ, ਗੁਰੂ ਤੇਗ ਬਹਾਹਰ ਜੀ ਦੇ ਘਰਿ ਸੁਤ ਹੋਏ, ਜਨਮੇ ਪਟਨਾ ਵਿਖੇ। ਸੰਮਤ ੧੭੧੮ (ਸੰਨ ੧੬੫੧) ਮਾਘ ਦੇ ਮਹੀਨੇ, ਕ੍ਰਿਸ਼ਨਾ ਪੱਖ, ਦਿਨ ਸਪਤਮੀ, ਪੁਖ ਨਿਖਤ੍ਰ ਪਹਰ ਕੁ ਰਾਤਿ ਰਹਿੰਦੀ।

ਅਤੇ ਜੋ ਰਉਲੇ ਦੇ ਸਿਖ ਹੋਸਨ, ਸੋ ਦੈਂਤ ਸਿਖਾਂ ਦੇ ਘਰੀ ਆਇ ਜਨਮ ਲੈਣਗੇ ।ਅਤੇ ਦੈਂਤ ਸਿਖ ਬਣ ਕੇ ਪੰਥ ਵਿਚ ਵੜਿ ਜਾਣਗੇ। ਸੋ ਜਾਣੀਦਾ ਹੈ ਜੈਸੇ ਖਤ੍ਰੀਆਂ ਦੀ ਕੁਲ ਤ੍ਰੇਤੇ ਜੁਗ ਦੈਂਤ ਆਇ ਜਨਮੈ ਸੇ ਅਤੇ ਪਰਸਰਾਮ ਮਾਰੇ ਖਤ੍ਰੀ। ਕਿਉਂ ਮਾਰਨੇ ਸੇ? ਕੋਈ ਸੇਵਕਾਂ ਨੂੰ ਮਾਰਦਾ ਹੈ? ਖਤਰੀ ਬ੍ਰਾਹਣਮਾਂ ਕੇ ਹੈਸਨ। ਖਤ੍ਰੀ ਨਹੀਂ ਬਰੋਬਰੀ ਬ੍ਰਾਹਮਣਾ ਦੀ ਕਰਦੇ। ਦੈਂਤ-ਬੀਜ ਸਹੰਸ੍ਰਬਾਹੁ ਹੋਆ, ਸੋ ਖਤਰੀਆਂ ਦੇ ਘਰ, ਤਿਸ ਵਿਗਾੜੀ।

ਸੋਈ ਦੈਂਤ ਯਾਦਵ ਵਿਖੇ ਆਏ। ਸੋ ਕ੍ਰਿਸ਼ਨ ਜੀ ਜਾਦਵ ਦੇ ਪਾਸਹੁੰ ਸ੍ਰਾਪ ਦਿਵਾਇਆ ਅਤੇ ਖਟਾਏ। ਜੇ ਸਿਖੋ! ਕਿਸੇ ਦਾ ਰਾਜ ਹੋਂਦਾ ਹੈ ਤਿਸ ਦੇ ਰਾਜ ਵਿਚ ਦੈਂਤ ਵੜ ਜਾਂਦੇ ਹਨ। ਸੋ ਰਉਲੇ ਦੇ ਦੈਂਤ ਬੁਧਿ ਸਿਖ ਮਾਇਕੀ ਪੰਥ ਰਲ ਜਾਣਗੇ। ੧੧੦

ਅਤੇ ਇਕ ਸਿਖ ਸੀਸ ਲੈ ਕੇ ਹਜ਼ੂਰ ਨਾਵੇਂ ਦਿਨ ਸਾਹਿਬ ਦੇ ਅਗੇ ਆਨ ਦਿੱਤਾ ਅਤੇ ਲੋਥ ਦਿਤੀ ਉਥੇ ਸਸਕਾਰ ਤਾਂ ਸਾਹਿਬ ਸੀਸ ਲੈ ਕੇ ਰੁਮਾਲ ਨਾਲ ਪੂੰਝਿਆ । ਅਤੇ ਨੇਤ੍ਰ ਰਸਨੀ ਲਾਇਆ। ਦਿਜਾਂ (ਬ੍ਰਾਮਣਾਂ) ਗੰਗਾ ਜਲ ਨਾਲਿ ਧੋਤਾ । ਸੱਤਵੇਂ ਦਿਨ ਸਰੀਰ ਦੇ ਫੁਲ ਆਇ ਪਹੁਤੇ। ਸਭੇ ਰਲਾਇਕੇ, ਹਰਨ ਦੀ ਤੁਚਾ ਵਿਚ ਪਾਇਕੇ ਭੇਜੇ। ਤੇਰਾਂ ਦਿਨ ਸੰਸਕ੍ਰਿਤੀ ਸਲੋਕਾਂ ਦੀ ਕਥਾ ਦੇਵੀਦਾਸ ਪੰਡਿਤ ਕਰਦਾ ਰਿਹਾ। ਸ਼ਾਸਤ੍ਰ-ਉਕਤਿ ਕਰਮ ਜੋ ਆਹੇ, ਸੋ ਸਾਰੇ ਹੀ ਕੀਤੇ। ਬ੍ਰਹਮ-ਭੋਜ ਜੱਗ ਕੀਤਾ। ੯੩

ਸੰਮਤ ੧੭੩੫, ਮਘਰ ਸੁਦੀ ਪੰਚਮੀ ਗੁਰੂ ਤੇਗ ਬਹਾਦਰ ਜੀ ਕਾ ਸਰਾਧ ਕੀਤਾ। ੯੪

ਪੰਜ ਪਿਯਾਰੇ ਭਗਤਾਂ ਦੇ ਅਵਤਾਰ?

ਦਯਾ ਸਿੰਘ ਵਾਸੀ ਲਾਹੌਰ ਛਤ੍ਰਿ-ਬੰਸ।ਸਾਹਿਬ ਸਿੰਘ, ਦਛਨਿ ਸੈਨ ਕੇ ਜਨਮ ਥਾ।ਹਿਮਤ ਸਿੰਘ ਪੁਰੀ ਜਗਨਨਾਥ ਫੰਦਕ (ਝੀਰ) ਕੇ ਜਨਮ ਥਾ।ਧਰਮ ਸਿੰਘ ਘਰ ਹਸਤਨਾਪੁਰ ਦੀ ਵਾਸੀ ਧੰਨੇ ਕੇ ਜਨਮ ਥਾ।ਪੰਜਵੇਂ ਮੁਹਕਮ ਸਿੰਘ ਨਾਮਦੇਵ ਕਾ ਜਨਮ ਥਾ।੯੪।

ਰਹਿਤਨਾਮਾ, ਤਨਖਾਹਨਾਮਾ ਭਾਈ ਚਉਪਾ ਸਿੰਘ ਛਿਬਰ

## ਭਾਈ ਕਾਨ੍ਹ ਸਿੰਘ ਜੀ ਨਾਭਾ ਦਸਮ (ਕਾਲਕਾ) ਗ੍ਰੰਥ ਦੇ ਅਲੋਚਕ?

'ਸ਼੍ਰੀ ਦਸਮ ਗ੍ਰੰਥ ਦੇ ਵਿਰੋਧੀ ਭਾਈ ਕਾਨ੍ਹ ਸਿੰਘ 'ਨਾਭਾ' ਦੇ ਵਿਚਾਰਾਂ ਦੀ ਅਧੂਰੀ ਪ੍ਰਸਤੁਤੀ ਕਰ ਕੇ ਅਤੇ ਉਨ੍ਹਾਂ ਨੂੰ ਮਨ-ਮਰਜ਼ੀ ਨਾਲ ਤੋੜ-ਮਰੋੜ ਕੇ ਭਾਈ ਜੀ ਨੂੰ 'ਦਸਮ ਗ੍ਰੰਥ' ਦੇ ਅਲੋਚਕਾਂ ਦੀ ਕਤਾਰ ਵਿਚ ਲਿਆ ਖੜਾ ਕਰਦੇ ਹਨ।'

ਪੁਨਰ-ਸਮੀਖਿਆ ਪੰਨਾ ੬੩

ਡਾ. ਹਰਭਜਨ ਸਿੰਘ ਨੇ ਭਾਈ ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਅਖੌਤੀ ਦਸਮ ਗ੍ਰੰਥ ਬਾਰੇ ਲੇਖ ਮਹਾਨ ਕੋਸ਼ ਵਿਚੋਂ ਪੇਸ਼ ਕੀਤਾ ਹੈ, ਪਰ ਅਸੀਂ ਭਾਈ ਸਾਹਿਬ ਦੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਕੀਤੇ ਗੁਰਮਤ ਮਾਰਤੰਡ ਵਿਚੋਂ ਲੇਖ, ਜਿਸ ਵਿਚ ਭਾਈ ਮਨੀ ਸਿੰਘ ਬਾਰੇ ਟਿਪਣੀ ਹੈ, ਪੇਸ਼ ਕਰਦੇ ਹਾਂ ।ਪਾਠਕ ਵੇਖ ਲੈਣ, ਅਧੂਰੀ ਪ੍ਰਸਤੁਤੀ ਕਿਸ ਦੀ ਹੈ।

"ਲੋਕ ਪ੍ਰਸਿੱਧ ਦਸਵੇਂ ਪਾਤਸ਼ਾਹ ਦਾ ਗ੍ਰੰਥ, ਜਿਸ ਦਾ ਸੰਖੇਪ ਨਾਉਂ 'ਦਸਮ ਗ੍ਰੰਥ ਹੈ, ਉਸ ਦੀ ਅਸਲੀਅਤ ਇਹ ਹੈ, ਕਾਵਯ ਪ੍ਰਿਅ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਸ਼ਾਂਤ, ਵੀਰ ਰਸ ਆਦਿਕ ਰਸ ਪੂਰਿਤ ਮਨੋਹਰ ਰਚਨਾ ਆਪ ਲਿਖਦੇ ਅਤੇ ਆਪਣੇ ਦਰਬਾਰੀ ੫੨ ਕਵੀਆਂ ਤੋਂ ਨਿਰੰਤਰ ਲਿਖਵਾਇਆ ਕਰਦੇ ਸਨ । ਇਸ ਮਿਸ੍ਰਿਤ ਰਚਨਾ ਦਾ ਸੰਗ੍ਰਹਿ ਇਕ ਗ੍ਰੰਥ ਤਿਆਰ ਕੀਤਾ ਗਿਆ, ਜਿਸ ਦਾ ਨਾਮ 'ਵਿਦਯਾ ਸਾਗਰ' ਸੀ । ਅਨੰਦਪੁਰ ਦੇ ਆਖਰੀ ਜੰਗ (ਸੰਮਤ ੧੭੬੧, ਸੰਨ ੧੭੦੪ ਈ.) ਵਿਚ ਇਹ ਕਾਵਯ ਦਾ ਖਜ਼ਾਨਾ ਵਿਦਯਾ ਅਤੇ ਧਰਮ ਵਿਰੋਧੀਆਂ ਦੇ ਹੱਥੋਂ ਲੁੱਟਿਆ ਅਤੇ ਭਸਮ ਕੀਤਾ ਗਿਆ। ਪਰ ਇਸ ਦੇ ਜੋ ਕੁਛ ਹਿੱਸੇ ਪ੍ਰੇਮੀ ਸਿੱਖਾਂ ਦੇ ਕੰਠ ਅਥਵਾ ਲਿਖੇ ਹੋਏ ਸਨ, ਅਰ ਦਰਬਾਰੀ ਕਵੀਆਂ ਪਾਸ ਨਕਲ ਕੀਤੇ ਹੋਏ ਸਨ ਉਹ ਲੋਪ ਹੋਣੋ ਬਚ ਗਏ।"

"ਭਾਈ (ਮਨੀ ਸਿੰਘ ਜੀ) ਨੇ ਇਕ ਦਸਵੀਂ ਪਾਤਸ਼ਾਹੀ ਦਾ ਗ੍ਰੰਥ ਲਿਖਿਆ ਜਿਸ ਵਿਚ, ਵਿਦਯਾ ਸਾਗਰ ਗ੍ਰੰਥ ਦੇ ਕੁਛ ਭਾਗ, ਜੋ ਯਤਨ ਕਰ ਕੇ ਸਿੱਖਾਂ ਅਤੇ ਕਵੀਆਂ ਤੋਂ ਹੱਥ ਲੱਗ ਸਕੇ, ਏਕਤ੍ਰ ਕੀਤੇ ਗਏ। ਭਾਈ ਮਨੀ ਸਿੰਘ ਜੀ ਦੇ ਦਿਹਾਂਤ ਪੁਰ ਪੰਥ ਨੇ ਦਸਮ ਗ੍ਰੰਥ ਨੂੰ ਦਮਦਮੇ ਸਾਹਿਬ, ਜੋ ਉਸ ਸਮਯ ਵਿਦਯਾ ਦੀ ਟਕਸਾਲ (ਸਿੱਖਾਂ ਦੀ ਕਾਸ਼ੀ ਕਰਕੇ ਪ੍ਰਸਿਧਾ ਹੈ), ਵਿਚਾਰ ਲਈ ਭੇਜ ਦਿੱਤਾ । ਖਾਲਸਾ ਦੀਵਾਨ ਵਿੱਚ ਚਿਰ ਤੋੜੀ ਇਸ ਬੀੜ ਪਰ ਚਰਚਾ ਹੋਈ। ਬਹੁਤਿਆਂ ਨੇ ਆਖਿਆ ਕਿ ਇਸ ਦੀਆਂ ਦੋ ਜਿਲਦਾਂ ਬਣਾਈਆਂ ਜਾਣ, ਇਕ ਵਿੱਚ ਸ੍ਰੀ ਮੁਖਵਾਕ ਬਾਣੀ ਹੋਵੇ ਜੋ ਖਾਲਸਾ ਧਰਮ ਦੇ ਨਯਮ ਪ੍ਰਗਟ ਕਰਦੀ ਹੈ, ਔਰ ਦੂਜੀ ਵਿੱਚ ਇਤਿਹਾਸ ਆਦਿਕ ਲਿਖੇ ਹੋਣ। ਬਹੁਤਿਆਂ ਸਿੰਘਾਂ ਨੇ ਰਾਯ ਦਿੱਤੀ ਕਿ.ਤ੍ਰਿਆ ਚਰਿਤ੍ਰ ਅਤੇ ਜ਼ਫਰਨਾਮਹ ਦੇ ਨਾਲ ਜੋ ੧੧ ਹਕਾਯਤਾਂ ਲਿਖੀਆਂ ਹਨ, ਇਹ ਬੀੜ ਤੋਂ ਅਲੱਗ ਕੀਤੀਆਂ ਜਾਣ। ਚਰਿਤ੍ਰਾਂ ਦਾ ਪਾਠ ਦੀਵਾਨ ਵਿੱਚ ਨਹੀਂ ਹੋ ਸਕਦਾ ਔਰ ਮਾਈਆਂ ਬੀਬੀਆਂ ਲਈ ਤਾਂ (ਪੜਨ ਸੁਨਣ ਦੀ) ਬਹੁਤ ਹੀ ਕਠਿਨਾਈ ਹੈ। ਇਸੇ ਤਰ੍ਹਾਂ ਤਰਕ ਵਿਤਰਕ ਚਿਰ ਤਾਈਂ ਹੁੰਦੀ ਰਹੀ ਪਰ ਕੋਈ ਫੈਸਲਾ ਨਹੀਂ ਹੋਇਆ।"

"ਇਤਨੇ ਚਿਰ ਵਿੱਚ ਮੀਰਾ ਕੋਟੀਆ ਭਾਈ ਮਤਾਬ ਸਿੰਘ ਜੀ ਮੱਸੇ ਰੰਘੜ ਦੇ ਹਥੋਂ (ਸੰਮਤ ੧੭੯੭, ੧੭੪੦ ਈ. ਵਿੱਚ) ਦਰਬਾਰ ਅੰਮ੍ਰਿਤਸਰ ਜੀ ਦੀ ਬੇਅਦਬੀ ਦਾ ਹਾਲ ਸੁਣ ਕੇ ਬੀਕਾਨੇਰ ਤੋਂ ਅੰਮ੍ਰਿਤਸਰ ਜੀ ਅਪੜਨ ਲਈ, ਰਾਹ ਜਾਂਦੇ ਦਮਦਮੇ ਆ ਪਹੁੰਚੇ। ਪੰਥ ਨੇ ਉਨਾ ਦੀ ਰਾਯ ਭੀ ਦਸਮ ਗ੍ਰੰਥ ਬਾਬਤ ਲਈ, ਤਾਂ ਓਨ੍ਹਾਂ ਨੇ ਆਖਿਆ, 'ਜੇ ਮੈਂ ਮੱਸੇ ਨੂੰ ਮਾਰ ਕੇ ਮੁੜ ਦਮਦਮੇ

ਸਾਹਿਬ ਆਇਆ ਤਾਂ ਬੀੜ ਭਾਈ ਮਨੀ ਸਿੰਘ ਜੀ ਦੀ ਲਿਖੀ ਕਾਯਮ ਰਹੇ, ਅਰੁ ਜੇ ਮੈਂ ਅੰਮ੍ਰਿਤਸਰ ਸ਼ਹੀਦ ਹੋ ਗਿਆ, ਤਾਂ ਜਿਲਦ ਖੋਲ੍ਹ ਕੇ ਜੁਦੀਆਂ ਪੋਥੀਆਂ ਬਣਾਈਆਂ ਜਾਣ।' ਭਾਈ ਮਤਾਬ ਸਿੰਘ ਜੀ ਬਹਾਦੁਰੀ ਦੇ ਨਾਲ ਪਾਮਰ ਅਨਯਾਯੀ ਮੱਸੇ ਨੂੰ ਮਾਰ ਕੇ ਜੈਕਾਰੇ ਗਜਾਉਂਦਾ ਦਮਦਮੇ ਸਾਹਿਬ ਆਇਆ। ਭਾਈ ਮਤਾਬ ਸਿੰਘ ਜੀ ਦੇ ਬਚਨ ਅਨੁਸਾਰ ਦਸਮ ਗ੍ਰੰਥ ਦੀ ਬੀੜ ਕਾਯਮ ਰਹੀ, ਪਰ ਪੰਥ ਨੇ ਦਸਮੇਸ਼ ਦੇ ਥਾਪੇ ਨਿਯਮ ਤੋਂ ਵਿਰੁੱਧ ਇਹ ਫੈਸਲਾ ਸ਼ਖਸੀ ਰਾਯ ਪੁਰ ਕੀਤਾ। ਚਾਹੀਦਾ ਇਹ ਸੀ ਕਿ ਦੀਵਾਨ ਦੀ ਸਰਬ ਸੰਮਤੀ ਨਾਲ ਇਸ ਬੀੜ ਦੀਆਂ ਪੋਥੀਆਂ ਵੱਖ ਵੱਖ ਕਰ ਦਿੱਤਆਂ ਜਾਂਦੀਆਂ।"

"ਅਸੀਂ ਭਾਈ ਮਨੀ ਸਿੰਘ ਜੀ ਨੂੰ ਪੰਥ ਰਤਨ ਅਤੇ ਧਰਮ ਵੀਰ ਮੰਨਦੇ ਹੋਏ ਇਹ ਆਖਣੋ ਸੰਕੋਚ ਨਹੀਂ ਕਰਦੇ ਕਿ ਭਾਈ ਸਾਹਿਬ ਨੇ ਇਹ ਅਜੇਹੀ ਭੁੱਲ ਕੀਤੀ ਹੈ ਕਿ ਜਿਸ ਤੋਂ (ਸਿਖ ਧਰਮ ਨੂੰ) ਅਪਾਰ ਹਾਨੀ ਪੁੱਜੀ ਹੈ ਅਰ ਅੱਗੋਂ ਨੂੰ ਭੀ ਭਾਰੀ ਨੁਕਸਾਨ ਹੋਣ ਦਾ ਡਰ ਹੈ।" ਪੰਨਾ ੫੬੭-੭੦

## ਡਾ. ਹਰਭਜਨ ਸਿੰਘ ਵਿਰੁਧ ਫਤਵਾ ਕਿਉਂ ਨਹੀਂ?

ਡਾ ਹਰਭਜਨ ਸਿੰਘ ਦੇ ਹੇਠਲੇ ਕਥਨ ਅਨੁਸਾਰ ਅਨੂਪ ਕੌਰ ਦੇ ਕਿੱਸੇ ਵਿਚਲੇ ਅਨੰਦਪੁਰ ਦੇ ਰਾਇ, ਗੁਰੂ ਗੋਬਿੰਦ ਸਿੰਘ ਜੀ ਹੀ ਸਨ, ਜੋ ਅਨੂਪ ਕੌਰ ਕੋਲ ਮੰਤ੍ਰ ਸਿਖਣ ਗਏ ਸਨ। ਜਦੋਂ ਪ੍ਰੋ. ਦਰਸ਼ਨ ਸਿੰਘ ਨੂੰ ਕਾਲਕਾ ਪੰਥੀ ਜੁੰਡਲੀ ਨੇ ਇਸੇ ਕਥਨ ਕਾਰਨ ਛੇਕਿਆ ਹੈ ਤਾਂ ਡਾ. ਹਰਭਜਨ ਸਿੰਘ ਨੂੰ ਕਿਉਂ ਨਹੀਂ?

'ਬਿਕ੍ਰਮੀ ੧੭੫੩ (ਈਸਵੀ ਸੰਨ ੧੬੯੬) ਵਿਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਈ ਦਸਮ ਗ੍ਰੰਥ ਦੀ ਇਸ ਕ੍ਰਿਤ (ਚਰਿਤ੍ਰੋਪਾਖਿਯਾਨ) ਦੇ ਵਿਰੋਧੀਆਂ ਵਾਸਤੇ ਸਭ ਤੋਂ ਘ੍ਰਿਣਿਤ ਰਚਨਾ ਹੈ। ਇਸ ਵਿਚ ਮੁਖ ਤੌਰ ਤੇ ਵਿਲਾਸਿਤਾ ਦਾ ਸ਼ਿਕਾਰ ਹੋਈ ਨਾਰੀ ਦੇ ਚਰਿਤ੍ਰਾਂ ਦਾ ਵਰਣਨ ਹੈ, ਪਰ ਕੁਝ ਪੁਰਖ ਚਰਿਤ੍ਰ ਵੀ ਹਨ। ਚਰਿਤ੍ਰ ਕਥਾਵਾਂ ਦੇ ਮੂਲ-ਸ੍ਰੋਤ ਮਹਾਭਾਰਤ, ਪੁਰਾਣ ਕਥਾਵਾਂ, ਬ੍ਰਿਹਤ ਕਥਾ , ਕਥਾ ਸਰਿਤਾਸਾਗਰ, ਅਲਫ ਲੈਲਾ ਆਦਿ ਕਥਾ-ਗ੍ਰੰਥਾਂ ਤੋਂ ਇਲਾਵਾ ਪ੍ਰਚਲਿਤ ਦੇਸ਼ੀ-ਵਿਦੇਸ਼ੀ, ਧਾਰਮਿਕ, ਸਮਾਜਿਕ ਅਤੇ ਇਤਿਹਾਸਿਕ ਕਥਾਵਾਂ ਹਨ।' ਪੁਨਰ-ਸਮੀਖਿਆ ਪੰਨਾ ੯੫

'ਇਕਵੇਂ ਚਰਿਤ੍ਰ ਦਾ ਕਥਾਨਕ ਵੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ। ਇਸ ਦੀ ਕਥਾ ਛਜਿਆ ਵਾਲੇ ਚਰਿਤ੍ਰ ਨਾਲ ਮਿਲਦੀ ਹੈ। ਇਸ ਕਥਾ ਦੇ ਸਤਾਈਵੇਂ ਪਦ ਵਿਚ ਉਸ ਧਨਵਾਨ ਇਸਤ੍ਰੀ ਦਾ ਨਾਮ ਨੁਪ ਕੌਰ (ਜਾਂ ਅਨੂਪ ਕੌਰ) ਦਿੱਤਾ ਹੈ, ਜੋ ਗੁਰੂ ਜੀ ਉਤੇ ਮੋਹਿਤ ਹੋ ਜਾਂਦੀ ਹੈ। ਉਹ ਇਸਤੀ ਗੁਰੂ ਦੇ ਇਕ ਸੇਵਕ ਨੂੰ ਧਨ ਦਾ ਲੋਭ ਦੇ ਕੇ ਗੁਰੂ ਕੋਲ ਇਹ ਸੰਦੇਸ਼ ਪਹੁੰਚਾਉਂਦੀ ਹੈ ਕਿ ਉਸ ਕੋਲ ਅਜਿਹਾ ਮੰਤ੍ਰ ਹੈ, ਜੋ ਮੰਤ੍ਰ ਗੁਰੂ ਜੀ ਸਿਖਣਾ ਚਾਹੁੰਦੇ ਹਨ। ਗੁਰੂ ਜੀ ਉਸ ਕੋਲ ਜਾਂਦੇ ਹਨ। ਅਨੂਪ ਕੌਰ, ਫੁਲ, ਪਾਨ ਅਤੇ ਸ਼ਰਾਬ ਦਾ ਪ੍ਰਬੰਧ ਕਰਦੀ ਹੈ।'ਉਹੀ, ਪੰਨਾ ੧੦੭-੮

ਅਨੂਪ ਕੌਰ ਦੇ ਕਿੱਸੇ ਦੀ ਵਾਰਤਾ ਦੇ ੨੧ ੨੨ ੨੩ ਚਰਿਤ੍ਰ ਹੈ। ਅਸੀਂ ਇਸ ਕਿੱਸੇ ਦੀ ਸੰਖੇਪ ਵਾਰਤਾ ਵਜੋਂ ਚਰਿਤ੍ਰਾਂ ਵਿਚੋਂ ਵਿਸ਼ੇਸ਼ ਪਦ ਹੀ ਪੇਸ਼ ਕਰਦੇ ਹਾਂ, ਜਿਨ੍ਹਾਂ ਤੋਂ ਪਾਠਕ ਨਿਰਣਾ ਕਰ ਲੈਣ ਕਿ, ਕੀ ਇਹ ਕਿੱਸਾ ਦੁਰਾਚਾਰੀ ਜਾਂ 'ਵਿਲਾਸਿਤਾ ਦਾ ਸ਼ਿਕਾਰ ਹੋਈ ਨਾਰੀ' ਦਾ ਹੈ; ਜਾਂ ਫਿਰ ਅਖੌਤੀ ਦਸਮ (ਕਾਲਕਾ) ਗ੍ਰੰਧ ਦੇ ਕੁਟਿਲ ਕਰਤਾ ਅਤੇ ਉਪਾਸ਼ਕਾਂ ਦੀ ਸ਼ੋਸ਼ਾਬਾਜ਼ੀ?

ਭੁਜੰਗ ਛੰਦ:-ਚਲਯੋ ਧਾਰਿ ਆਤੀਤ ਕੋ (ਯੋਗੀ ਦਾ) ਭੇਸ ਰਾਈ (ਗੁਰੂ ਜੀ)॥
ਮਨਾਪਨ ਬਿਖੈ (ਮਨ ਆਪਣ ਵਿਚ) ਸ੍ਰੀ ਭਗੌਤੀ (ਦੇਵੀ) ਮਨਾਈ॥
ਚਲਯੋ ਸੋਤ (ਰਾਤ ਨੂੰ) ਤਾਕੇ, ਫਿਰਯੋ (ਮੁੜੇ) ਨਾਹਿ ਫੇਰੇ (ਮੋੜਿਆਂ)॥ ਧਸਯੋ ਜਾਇਕੈ ਵਾ ਤ੍ਰਿਯਾ ਕੇ ਸੁ ਡੇਰੇ॥੧੦॥
ਚੌਪਈ:-ਲਖਿ (ਵੇਖਕੇ) ਤ੍ਰਿਯਾ ਸੁ ਭੇਖ ਬਨਾਯੋ ॥ ਫੂਲ ਪਾਂਨ ਅਰੁ ਕੈਫ (ਸ਼ਰਾਬ) ਮੰਗਾਯੋ॥
ਆਗੇ ਟਰਿ (ਧਰ) ਤਾਕੋ ਤਿਨ ਲੀਨਾ॥ ਚਿਤ ਕਾ ਸੋਕ (ਸੋਗ) ਦੂਰਿ ਕਰਿ ਦੀਨਾ
ਦੋਹਰਾ; ਤਬ ਤਾਸੋ ਤ੍ਰਿਯਾ ਯੋ ਕਹੀ ਭੋਗ ਕਰਹੁ ਮੁਹਿ ਸਾਥ॥
ਪਸੁ (ਪਸੂ) ਪਤਾਰਿ (ਹਿਰਸ) ਦੁਖ ਦੈ ਘਨੋ, ਮੈ ਬੇਚੀ ਤਵ ਹਾਥ॥੧੩॥
ਰਾਇ ਚਿੱਤ ਚਿੰਤਾ ਕਰੀ ਬੈਠੇ ਤਾਹੀ ਠੌਰ (ਥਾਂ)॥ ਮੰਤ੍ਰ ਲੈਨ ਆਯੋ ਹੁਤੋ (ਆਏ ਸਾਂ) ਭਈ ਔਰ ਕੀ ਔਰ॥੧੪॥
ਕਾਮਾਤੁਰ ਹਵੈ ਜੋ ਤ੍ਰਿਯਾ ਆਵਤ ਨਰ ਕੇ ਪਾਸ। ਮਹਾ ਨਰਕ ਸੋ ਡਾਰਿਯੈ ਦੈ ਜੋ ਜਾਨ ਨਿਰਾਸ।੧੮॥
ਪਾਇ ਪਰਤ ਮੋਰੋ ਸਦਾ ਪੂਜ(ਨੀਕ) ਕਹਤ ਹੈ ਮੋਇ॥ ਤਾਸੋ ਰੀਝ ਰਮਯੋ ਚਹਤ, ਲਾਜ ਨ ਆਵਤ ਤੋਹਿ॥੧੯॥
ਕ੍ਰਿਸਨ ਪੂਜ ਜਗ ਕੇ ਭਏ, ਕੀਨੀ ਰਾਸਿ (ਲੀਲਾ) ਬਨਾਇ॥ ਭੋਗ ਰਾਧਿਕਾ ਸੋ ਕਰੇ, ਪਰੇ ਨਰਕ ਨਹਿ ਜਾਇ॥੨੦॥
ਚੌਪਈ:-ਤਾਤੇ ਆਨ ਰਮੋ (ਭੋਗ) ਮੋਹਿ ਸੰਗਾ॥ ਬਯਾਪਤ ਮੁਰ ਤਨ ਅਧਿਕ ਅਨੰਗਾ (ਕਾਮ ਚੇਸ਼ਟਾ)॥
ਆਜ ਮਿਲੇ ਤੁਮਰੇ ਬਿਨੁ ਮਰਿਹੋਂ॥ ਬਿਰਹਾਨਲ (ਬ੍ਰਿਹਾ ਦੀ ਅੱਗ) ਕੇ ਭੀਤਰਿ ਜਰਿ (ਸੜ) ਹੋਂ॥੨੨॥
ਅੜਿੱਲ:-ਆਜੁ ਪਿਯਾ ਤਵ (ਤੇਰੇ) ਸੰਗ ਸੇਜੁ ਰੁਚਿ ਮਾਨ ਸੁਹੈ ਹੋਂ॥ ਮਨ ਭਾਵਤ ਕੋ ਭੋਗ ਰਚਿਤ ਚਿਤ ਮਾਹਿ ਕਮੈਂ ਹੋਂ॥
ਆਜ ਸੁ ਰਤਿ ਸਭ ਰੈਨਿ ਭੋਗ ਸੁੰਦਰ ਤਵ ਕਰਿਹੋਂ॥ ਸਿਵ ਬੈਰੀ ਕੋ ਦਰਬ (ਮਾਣ) ਸਕਲ (ਸਾਰਾ) ਮਿਲਿ ਤੁਮੈ ਪ੍ਰਹਰਿਹੋਂ॥੩੧॥
ਬਿਰਹ ਤਿਹਾਰੇ ਲਾਲ ਬੈਠਿ ਪਾਵਕ (ਅੱਗ) ਮੋਂ ਬਰਿਯੈ (ਬਲ਼ੀਏ)॥

ਹੋ ਪੀਵ ਹਲਾਹਲ (ਜ਼ਹਿਰ) ਆਜੁ ਮਿਲੇ ਤੁਮਰੇ ਬਿਨ ਮਰੀਯੈ॥੩੩॥
ਦੋਹਰਾ- ਰਾਇ ਡਰਯੋ ਜਉ ਦੈ ਮੁਝੈ ਸ੍ਰੀ ਭਗਵਤਿ (ਭਗਉਤੀ) ਕੀ ਆਨ (ਸੌਂਹ)॥
ਸੰਕ (ਸੰਗ) ਤਿਯਾਗ ਯਾਸੋ (ਇਸ ਨਾਲ) ਰਮੋ, ਕਰਿਹੌ ਨਰਕ ਪਯਾਨ (ਜਾਵਾਂਗਾ)॥੩੪॥ ਚਰਿਤ੍ਰ ੨੧
ਨਰਕ ਪਰਨ (ਪੜਨ) ਤੇ ਮੈ ਡਰੋ, ਕਰੋ ਨ ਤੁਮ ਸੋ ਸੰਗ॥
ਤੋ ਤਨ, ਮੋ ਤਨ, ਕੈਸਊ ਬਯਾਪਤ ਅਧਿਕ ਅਨੰਗ (ਕਿੱਨਾ ਵੀ ਕਾਮਕ-ਅੱਗ ਜ਼ੋਰ ਪਾਵੇ)॥੩੬॥ ਚਰਿਤ੍ਰ ੨੧
ਛੰਦ-ਕਹਾ (ਕੀ) ਤਰੁਨਿ (ਇਸਤ੍ਰੀ) ਸੋ (ਨਾਲ) ਪ੍ਰੀਤਿ, ਨੇਹ ਨਹਿ ਓਰ ਨਿਬਾਹਹਿ॥ ਏਕ ਪੁਰਖ ਕੌ ਛਾਡਿ ਸੁੰਦਰ ਨਰ ਚਾਹਿ॥
ਅਧਿਕ ਤਰੁਨਿ ਰੁਚਿ ਮਾਨਿ (ਗਭਰੂ ਨੂੰ ਬਹੁਤ ਵਿਸ਼ਈ ਜਾਣ ਕੇ), ਤਰੁਨਿ (ਇਸਤ੍ਰੀ) ਜਾਸੋਂ (ਉਸ ਨਾਲ) ਹਿਤ (ਪ੍ਰੇਮ) ਕਰਹੀ॥
(ਉ)ਹੋ ਤੁਰਤ ਮੂਤ੍ਰ ਕੋ ਧਾਮ (ਮੂਤਰੀ) ਨਗਨ ਆਗੇ ਕਰਿ ਧਰਹੀ॥੩੯॥
ਦੋਹਰਾ:-ਬਹੁਰ ਤ੍ਰਿਯਾ ਤਿਹ ਰਾਇ ਸੋ ਯੌ ਬਚ(ਨ) ਕਹਯੋ ਸੁਨਾਇ।
ਆਜ ਭੋਗ ਤੋਸੋ ਕਰੌ, ਕੈ (ਜਾਂ) ਮਰਿਹੌ ਬਿਖੁ ਖਾਇ॥੪੬॥
ਚੌਪਈ:-ਬਚਨ ਸੁਨਤ ਕ੍ਰਧਿਤ (ਕ੍ਰੋਧੀ) ਤ੍ਰਿਯਾ ਭਈ॥ ਜਰਿ ਬਰਿ (ਸੜ ਬਲ਼) ਆਠ ਟੂਕ(ੜੇ) ਹਵੇ (ਹੋ) ਗਈ॥
ਅਬ ਹੀ ਚੋਰਿ ਚੋਰਿ ਕਹਿ ਉਠਿਹੌ (ਲੋਕਾਂ ਨੂੰ ਉਠੌਂਦੀ ਹਾਂ)॥ ਤੁਹਿ ਕੋਪ (ਕ੍ਰਧ) ਕਰਿ ਮਾਰਿ ਹੀ ਸੁਟਿਹੌ (ਸੁਟਣਗੇ)॥੫੫॥
ਦੋਹਰਾ:-ਸੁਨਤ ਰਾਵ ਕੋ ਬਚ(ਨ) ਸ੍ਰਵਨ ਤ੍ਰਿਯ ਮਨਿ ਅਧਿਕ ਰਿਸਾਇ (ਬਹੁਤ ਕ੍ਰੋਧਵਾਨ)॥
ਚੋਰ ਚੋਰ ਕਹਿਕੈ ਉਠੀ, ਸਿੱਖ਼ਯਨ (ਸਿੱਖ਼ਾਂ ਨੂੰ) ਦਿਯੋ ਉਠਾਇ॥
ਸੁਨਤ ਚੋਰ ਕੋ ਬਚ(ਨ) ਸ੍ਰਵਨ ਅਧਿਕ ਡਰਯੋ ਨਰਨਾਹਿ (ਪਾਤਸ਼ਾਹ, ਗੁਰੂ ਜੀ)॥
ਪਨ੍ਹੀ (ਜੁੱਤੀ) *ਪਾਮਰੀ* (ਲੋਈ) ਤਜਿ (ਛੱਡ ਕੇ) ਭਜਯੋ, ਸੁਧਿ ਨ ਰਹੀ ਮਨ ਮਾਹਿ॥੬੦॥ ਚਰਿੱਤ੍ਰ ੨੧
ਦੋਹਰਾ:-ਚੋਰ ਬਚਨ ਸਭ ਹੀ ਸੁਨਿ ਧਾਏ॥ ਕਾਢੇ ਖੜਗ (ਤਲਵਾਰਾਂ) ਰਾਇ ਪ੍ਰਤਿ (ਪ੍ਰਤੀ) ਆਏ॥
ਕੂਕਿ ਕਹੈਂ ਤੁਹਿ ਜਾਨ ਨ ਦੈਹੈਂ॥ ਤੁਹਿ ਤਸਕਰ (ਚੋਰ) ਜਮਧਾਮ ਪਠੈ (ਭੇਜਦੇ) ਹੈਂ॥੩॥ ਚਰਿੱਤ੍ਰ ੨੨
ਆਗੇ ਪਾਛੇ ਦਾਹਨੇ ਘੇਰਿ ਦਸੋ ਦਿਸ (ਦਸੀਂ ਪਾਸੀਂ) ਲੀਨ॥ ਪੈਂਡ (ਰਾਹ) ਭਜਨ ਕੌ ਨਾ ਰਹਯੋ, ਰਾਇ ਜਤਨ ਯੌਂ ਕੀਨ॥੪॥
ਵਾਕੀ ਕਰ (ਹੱਥ) ਦ੍ਵਾਰੀ (ਦਾਹੜੀ) ਧਰੀ (ਫੜੀ), ਪਗਿਯਾ (ਪੱਗ) ਲਈ ਉਤਾਰਿ॥
ਚੋਰ ਚੋਰ ਕਰਿ ਤਿਹ ਗਹਯੋ (ਫੜਿਆ), ਦਵੈਕ (ਦੋ ਕੁ) ਮੁਤਹਰੀ (ਡੰਡੇ) ਝਾਰਿ (ਝਾੜੇ)॥੫॥
ਲਾਤ ਮਸਟ (ਮੁੱਕੀ) ਬਾਜਨ ਲਗੀ, ਸਿਖ਼ਯ (ਸਿੱਖ਼) ਪਹੂੰਚੇ ਅਇ॥
ਭ੍ਰਾਤ ਭ੍ਰਾਤ (ਭਰਾ ਭਰਾ) ਤ੍ਰਿਯ ਕਹਿ ਰਹੀ, ਕੋਊ ਨ ਸਕਯੋ ਛੁਰਾਇ॥੭॥
ਚੌਪਈ:-ਇਹ ਛ਼ਲ ਖੇਲਿ ਰਾਇ (ਗੁਰੂ ਜੀ) ਭਜ ਆਯੋ॥ ਬੰਦਸਾਲ ਤ੍ਰਿਯ ਭ੍ਰਾਤ ਪਠਾਯੋ (ਇਸਤ੍ਰੀ ਦਾ ਭਰਾ ਜੇਲ੍ਹ ਭੇਜ ਦਿੱਤਾ)॥
ਸਿਖ਼ਯਨ ਭੇਦ ਅਭੇਦ ਨ ਪਾਯੋ॥ ਵਾਹੀ ਕੌ ਤਸਕਰ ਠਹਰਾਯੋ॥੯॥ ਚਰਿਤ੍ਰ ੨੨

## ਰਾਮ ਅਤੇ ਸ਼ਿਆਮ ਗੁਰੂ ਗੋਬਿੰਦ ਸਿੰਘ ਜੀ ਦੇ ਨਾਟਕੀ ਨਾਮ?

'ਬਚਿਤ੍ਰ ਨਾਟਕ ਦੇ ਮੁਖ ਸਿਰਲੇਖ ਹੇਠ 'ਕ੍ਰਿਸ਼ਨਾਵਤਾਰ' ਇਕ ਲੰਬੀ ਬਾਣੀ ਹੈ, ਜਿਸ ਦੇ ਕੁਲ ਬੰਦ ੨੪੯੨ ਹਨ।...। ਇਸ ਰਚਨਾ ਵਿਚ ਵਾਰ-ਵਾਰ ਰਾਮ ਅਤੇ ਸ਼ਿਆਮ ਕਵਿ ਨਾਮ ਆਉਂਦੇ ਹਨ, ਜਿਸ ਤੋਂ ਆਮ ਤੌਰ ਉਤੇ ਇਹ ਅੰਦਾਜ਼ਾ ਲਾ ਲਿਆ ਜਾਂਦਾ ਹੈ, ਕਿ ਇਹ ਰਾਮ ਅਤੇ ਸ਼ਿਆਮ ਨਾਮ ਦੇ ਦੋ ਕਵੀਆਂ ਨੇ ਰਚੀ ਹੋਵੇਗੀ। ਪਰ ਜਦੋਂ ਅਸੀ ਰਚਨਾ ਦਾ ਧਿਆਨ ਨਾਲ ਪਾਠ ਕਰਦੇ ਹਾਂ, ਤਾਂ ਸਮਝ ਆਉਂਦੀ ਹੈ ਕਿ ਇਹ ਨਾਮ ਵੀ ਨਾਟਕੀ ਪ੍ਰਸਤੁਤੀ ਹੈ। ਇਹ ਰਚਨਾ ਕੇਵਲ ਇਕ ਲਿਖਾਰੀ ਦੀ ਹੈ। ਜੇ ਦੋ ਲਿਖਾਰੀ ਰਚਨਾ ਕਰਦੇ ਤਾਂ ਉਹ ਇਸ ਰਚਨਾ ਦੇ ਹਿਸੇ ਆਪਸ ਵਿਚ ਵੰਡ ਲੈਂਦੇ, ਪਰ ਇਥੇ ਇਕ ਪਦ ਰਾਮ ਦਾ ਲਿਖਿਆ ਹੈ ਤਾਂ ਅਗਲਾ ਸ਼ਿਆਮ ਦਾ ਲਿਖਿਆ ਹੋਇਆ ਹੈ, ਪਰ ਕਥਾ ਦੇ ਵਰਣਨ ਵਿਚ ਕਿਤੇ ਅਟਕਾਅ ਨਹੀਂ। ਸਭ ਸ਼ੈਲੀ-ਬੋਲੀ ਇਕੋ ਜਿਹੀ ਹੈ, ਜਿਸ ਤੋਂ ਹੈਰਾਨ ਵੀ ਅਤੇ ਭੈਅ-ਭੀਤ ਵੀ ਹੋਇਆ ਦਸਮ ਗ੍ਰੰਥ ਦਾ ਵਿਰੋਧੀ ਸ਼ਮਸ਼ੇਰ ਸਿੰਘ 'ਅਸ਼ੋਕ' ਲਿਖਦਾ ਹੈ ਕਿ ਇਨ੍ਹਾਂ ਕਵੀਆਂ ਦੀ ਰਚਨਾ ਵਿਚ ਸਮਾਨਤਾ ਇਸ ਪਧਰ ਦੀ ਹੈ ਕਿ ਦੋਹਾਂ ਦੀ ਰਚਨਾ ਨੂੰ ਵਖ-ਵਖ ਕਰਨਾ ਮੁਸ਼ਕਿਲ ਜਾਪਦਾ ਹੈ। ਪਰ ਵਖ ਕਰਨਾ ਤਾਂ ਹੀ ਸੰਭਵ ਹੁੰਦਾ ਜੇ ਦੋ ਕਵੀ ਹੁੰਦੇ। ਅਸਲ ਵਿਚ ਰਾਮ ਅਤੇ ਸ਼ਿਆਮ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਨਾਟਕੀ ਨਾਮ ਹਨ, ਕਿਸੇ ਪਰਿਵਾਰਕ ਮਜਬੂਰੀ ਕਰ ਕੇ ਕਿਸੇਂ ਵਲੋਂ ਦਿਤੇ ਹੋਏ ਨਾਮ ਨਹੀਂ। ਹਕੀਕਤਨ ਉਹ ਸੰਦੇਸ਼ ਦੇਣਾ ਚਾਹੁੰਦੇ ਸਨ ਕਿ ਜਿਵੇਂ ਤ੍ਰੇਤੇ ਵਿਚ ਰਾਮ ਨੇ ਰਾਵਣ ਦਾ ਬਧ ਕੀਤਾ ਸੀ ਅਤੇ ਦੁਆਪਰ ਵਿਚ ਸ਼ਿਆਮ ਨੇ ਕੰਸ ਜੈਸੇ ਕਈ ਅਸੁਰਾਂ ਨੂੰ ਸੋਧਿਆ ਸੀ, ਉਸੇ ਤਰ੍ਹਾਂ ਉਹ ਇਸ ਕਾਲ ਦੇ ਅਸੁਰ ਜੋ ਰਾਵਣ ਅਤੇ ਕੰਸ ਦੋਹਾਂ ਦੇ ਦੁਰਗੁਣਾਂ ਦਾ ਸੰਯੁਕਤ ਰੂਪ ਹੈ, ਉਸ ਨੂੰ ਰਾਮ, ਕ੍ਰਿਸ਼ਨ ਆਦਿ ਸਮਸਤ ਅਵਤਾਰਾਂ ਦੀ ਸਮਰਥਾ ਨਾਲ ਭਰਪੂਰ ਹੋ ਕੇ ਸੋਧਣ ਆਏ ਹਨ।'

ਆਫਰੀਨ ! ਡਾ. ਹਰਭਜਨ ਸਿੰਘ, ਜਿਸ ਨੇ ਕਮਾਲ ਦੀ ਕਿਆਸਆਰਾਈ ਦੁਅਰਾ ਗੁਰੂ ਗੋਬਿੰਦ ਸਿੰਘ ਜੀ ਨੂੰ ਦੋ ਨਾਟਕੀ ਨਾਮ, ਰਾਮ, ਸ਼ਿਆਮ; ਅਤੇ ਅਗਲੇ-ਪਿਛਲੇ ਸਭ ਹਿੰਦੂ ਅਵਤਾਰਾਂ ਦੇ ਗੁਣ ਪ੍ਰਦਾਨ ਕਰ ਦਿੱਤੇ ਹਨ। ਅਸੀਂ ਹੈਰਾਨ ਹਾਂ ਕਿ ਪਹਿਲੇ ੯ ਗੁਰੂ (ਨਾਨਕ) ਸਾਹਿਬਾਨ ਅਤੇ ਗੁਰੂ ਗ੍ਰੰਥ ਵਿਚਲੀ ਬਾਣੀ ਦੇ ਰਚੇਤਾ ਭਗਤਾਂ, ਫਕੀਰਾਂ ਨੇ ਨਾਟਕੀ ਨਾਮ ਅਤੇ ਅਵਤਾਰੀ ਗੁਣ ਕਿਉਂ ਨਾ ਅਪਣਾਏ।

## ਤਰਕਸ਼ੀਲ ਵਿਦਵਾਨਾਂ ਦੀ ਬਦ-ਖੋਈ

'ਦਸਵੇਂ ਗੁਰੂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿਂਘ ਜੀ ਮਹਾਰਾਜ ਦੀ ਆਪਣੀ ਰਚਨਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਬਾਰੇ ਕੁਝ ਪੰਥ ਦੋਖੀ ਗੁਰੂ ਘਰ ਤੋਂ ਫਿਟਕਾਰੇ ਹੋਏ ਕੂੜ ਬਕਵਾਸ ਕਰਦੇ ਹਨ...।' ਇਕਬਾਲ ਸਿੰਘ, ਗਿਆਨੀ, ਜਥੇਦਾਰ

'ਉਂਵ ਵੀ ਵਿਰੋਧੀ ਧਿਰ ਨਾਲ ਸੰਬੰਧਿਤ ਬਹੁਤ ਸਾਰੇ ਵਿਦਵਾਨਾਂ ਦਾ ਵਿਦਿਅਕ ਪੱਧਰ ਅਤੇ ਬੌਧਿਕਤਾ ਬਹੁਤ ਨਿਮਨ ਸਤਰ ਦੀ ਹੈ, ਜਿਸ ਪਾਸੇ ਧਿਆਨ ਦੇਣਾ ਆਪਣੇ ਹੀ ਵਿਵੇਕ ਦੀ ਹਾਨੀ ਹੈ।'ਡਾ. ਹਰਭਜਨ ਸਿੰਘ, ਪੁਨਰ-ਸਮੀਖਿਆ ਪੰ xxxvii

'ਅਸਲ ਵਿਚ ਧਰਮ ਗ੍ਰੰਥ ਨੂੰ ਵਿਚਾਰਨ ਦਾ 'ਅਸ਼ੋਕ' ਜੀ ਨੂੰ ਸ਼ਾਇਦ ਤਰੀਕਾ ਸਮਝ ਨਹੀਂ ਆਇਆ।'ਉਹੀ ਪੰ:੧੨੬

'ਅਸਲ ਵਿਚ 'ਦਸਮ ਗ੍ਰੰਥ' ਦੇ ਅਲੋਚਕਾਂ ਦੀ ਆਪਣੀ ਜਾਣਕਾਰੀ ਨਿਮਨ ਸਤਰ ਦੀ ਹੈ। ਇਸ ਵਿਰੋਧੀ ਖੇਮੇ ਵਾਸਤੇ ਗਿਆਨੀ ਭਾਗ ਸਿੰਘ ਵਰਗੇ ਲੋਕ, ਜਿਨ੍ਹਾਂ ਨੂੰ ਲਿਖਣ-ਪੜ੍ਹਨ ਦੀ ਵੀ ਸਮਝ ਨਹੀਂ ਸੀ, ਵਿਦਿਆ ਮਾਰਤੰਡ ਹਨ।'ਉਹੀ ਪੰ:੧੩੦

'ਮੈਂ ਆਪਣੇ ਵੱਲੋਂ ਡਾ. ਸਾਹਿਬ ਦੀ ਸੁਰ ਵਿੱਚ ਏਨੀ ਬੇਨਤੀ ਹੋਰ ਸ਼ਾਮਿਲ ਕਰ ਦਿੰਦਾ ਹਾਂ ਕਿ ਫਿਰ ਇਹਨਾਂ ਸਾਹਿਤ ਅਤੇ ਸੰਗੀਤ ਦੀ ਸਮਝ ਤੋਂ ਹੀਨ ਲੋਕਾਂ ਨੂੰ ਭਰਥਰੀ ਹਰੀ ਜੀ ਦੇ ਸ਼ਬਦਾਂ ਵਿੱਚ ਬਿਨਾਂ ਸਿੰਗ ਪਛੂ ਤੋਂ 'ਪਸ਼ੂ' ਆਖਣਾ ਹੀ ਬੇਹਤਰ ਰਹੇਗਾ।' ਗਿਆਨੀ ਗਿਆਨ ਸਿੰਘ / ਸਵਾਮੀ ਬ੍ਰਹਮਦੇਵ 'ਉਦਾਸੀ', ਪਿੰਡ ਤੇ ਡਾਕ: ਬੰਧਨੀ ਕਲਾਂ, ਉਹੀ, ਪੰਨਾ xix

'ਆਪਣੇ ਆਪ ਨੂੰ 'ਦਰਸ਼ਨ' ਦੇ ਗਿਆਤਾ ਕਹਾਉਣ ਵਾਲੇ ਢੋਂਗੀ ਦਾਰਸ਼ਨਿਕਾਂ ਦੀ ਖੋਪੜੀ ਰਾਸ ਕਰਨ ਲਈ ਸੱਚ ਦਾ ਕਰੰਟ ਅਤੇ 'ਬਿਨੁ ਗੁਣ ਗਰਬੁ' ਕਰਨ ਵਾਲੇ 'ਅਸਲਿ ਖਰ' ਗੁਰੂ ਨਿੰਦਾ ਵਿੱਚ ਹੀਂਗਦੇ ਅਤੇ ਫੋਕੇ 'ਮਾਨ' ਵਿੱਚ ਦੁਲੱਤੇ ਮਾਰਨ ਵਾਲਿਆਂ ਦੀ ਪਿਠ ਉੱਤੇ ਵੱਜਣ ਵਾਲਾ ਸਲੋਤ੍ਰ ਹੈ।' ਬਲਜਿੰਦਰ ਸਿੰਘ ਗੁਰਦਵਾਰਾ ਕਰਮਸਰ, ਰਾੜਾ ਸਾਹਿਬ

ਅਸੀਂ ਆਪਣੇ ਵੱਲੋਂ ਕੁਝ ਨਾ ਕਹਿੰਦੇ ਹੋਏ ਇਨ੍ਹਾਂ ਦੀ ਸੁਭਾਵਕ ਪ੍ਰਕਿਰਤੀ ਪ੍ਰਤੀ ਸਤਿਗੁਰ ਨਾਨਾਕ ਦੇਵ ਜੀ ਦਾ ਉਪਦੇਸ਼ ਪੇਸ਼ ਕਰਦੇ ਹਾਂ

ਸਲੋਕੁ ਮਃ ੧ ॥ ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥ ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥ {ਪੰਨਾ ੪੭੩}

ਅਰਥ :—ਹੇ ਨਾਨਕ! ਜੇ ਮਨੁੱਖ ਰੁੱਖੇ ਬਚਨ ਬੋਲਦਾ ਰਹੇ, ਤਾਂ ਉਸ ਦਾ ਤਨ ਅਤੇ ਮਨ ਦੋਵੇਂ ਰੁੱਖੇ ਹੋ ਜਾਂਦੇ ਹਨ (ਭਾਵ, ਮਨੁੱਖ ਦੇ ਅੰਦਰੋਂ ਪ੍ਰੇਮ ਉੱਡ ਜਾਂਦਾ ਹੈ) । ਰੁੱਖਾ ਬੋਲਣ ਵਾਲਾ ਲੋਕਾਂ ਵਿਚ ਰੁੱਖਾ ਹੀ ਮਸ਼ਹੂਰ ਹੋ ਜਾਂਦਾ ਹੈ ਅਤੇ ਲੋਕ ਭੀ ਉਸ ਨੂੰ ਰੁੱਖੇ ਬਚਨਾਂ ਨਾਲ ਹੀ ਯਾਦ ਕਰਦੇ ਹਨ । ਰੁੱਖਾ (ਭਾਵ, ਪ੍ਰੇਮ ਤੋਂ ਸੱਖਣਾ) ਮਨੁੱਖ (ਪ੍ਰਭੂ ਦੀ) ਦਰਗਾਹ ਤੋਂ ਰੱਦਿਆ ਜਾਂਦਾ ਹੈ ਅਤੇ ਉਸ ਦੇ ਮੂੰਹ ਉੱਤੇ ਥੁੱਕਾਂ ਪੈਂਦੀਆਂ ਹਨ (ਭਾਵ, ਫਿਟਕਾਰਾਂ ਪੈਂਦੀਆਂ ਹਨ । (ਪ੍ਰੇਮ-ਹੀਣ) ਰੁੱਖੇ ਮਨੁੱਖ ਨੂੰ ਮੂਰਖ ਆਖਣਾ ਚਾਹੀਦਾ ਹੈ, ਪ੍ਰੇਮ ਤੋਂ ਸੱਖਣੇ ਨੂੰ ਜੁੱਤੀਆਂ ਦੀ ਮਾਰ ਪੈਂਦੀ ਹੈ (ਭਾਵ, ਹਰ ਥਾਂ ਉਸ ਦੀ ਸਦਾ ਬੜੀ ਬੇਇੱਜ਼ਤੀ ਹੁੰਦੀ ਹੈ) ।੧।

## ਸਮਾਪਤੀ ਸ਼ਬਦ

ਅਖੌਤੀ ਦਸਮ (ਕਾਲਕਾ) ਗ੍ਰੰਥ ਦਾ ਪ੍ਰਚਾਰ, ਪ੍ਰਸਾਰ ਅਤੇ ਪਰੋੜਤਾ ਕਰਨ ਵਾਲੇ ਸਜਣਾ ਦੀਆਂ ਧਾਰਨਾਵਾਂ ਹਨ ਕਿ ਦਸਮੇਸ਼ ਗੁਰੂ ਨਾਨਕ ਜੀ ਨੇ ਇਸ ਦੀ ਰਚਨਾ ਸਿਖਾਂ ਵਿਚ ਬੀਰ ਰਸ ਭਰਨ ਅਤੇ ਉਨ੍ਹਾਂ ਨੂੰ ਚਰਿਤ੍ਰਹਾਰੀ ਇਸਤੀਆਂ ਤੋਂ ਸੁਚੇਤ ਰਹਿਣ ਦੇ ਉਪਦੇਸ਼ ਵਜੋਂ ਕੀਤੀ/ਕਰਵਾਈ। ਅਸੀਂ ਪੁੱਛਦੇ ਹਾਂ ਕਿ ਪਹਿਲੇ ੯ ਗੁਰੂ ਨਾਨਕ ਸਾਹਿਬਾਨਾਂ ਅਤੇ ਗੁਰੂ ਗ੍ਰੰਥ ਵਿਚਲੀ ਬਾਣੀ ਦੇ ਕਰਤਾ ਭਗਤਾਂ ਨੂੰ ਇਹ ਸੰਕਲਪ ਕਿਉਂ ਨਾ ਸੁੱਝੇ? ਅਵਤਾਰਵਾਦ, ਮਿਥਿਹਾਸ, ਅਸ਼ਲੀਲ ਸਾਹਿਤ ਦੇ ਸ਼ੌਂਕੀ ਇਸ ਨੂੰ ਪੜ੍ਹ, ਸੁਣ ਕੇ ਬੜੀ ਖੁਸ਼ੀ ਨਾਲ ਆਪਣਾ ਮਨ ਪ੍ਰਚਾਉਣ, ਪਰ ਸਾਡੀ ਬੇਨਤੀ ਹੈ ਕਿ ਇਸ ਨੂੰ ਦਸਮੇਸ਼ ਗੁਰੂ ਨਾਨਕ ਦੀ ਕ੍ਰਿਤ ਅਤੇ ਧਾਰਮ-ਗ੍ਰੰਥ ਵਜੋਂ ਪ੍ਰਚਾਰ ਕੇ ਗੁਰੂ ਸਾਹਿਬ ਅਤੇ ਸਿਖੀ ਨੂੰ ਕਲੰਕਤ ਨਾ ਕਰਨ।

ਅਸੀਂ ਪੰਥ ਪ੍ਰਵਾਨਤ ਰਹਿਤ ਮਰਯਾਦਾ ਅਤੇ ਨਿਤਨੇਮ ਦੀਆਂ ਬਾਣੀਆਂ ਦੇ ਵਾਦ-ਵਿਵਾਦ ਸ਼ੁਰੂ ਕਰਨ ਤੋਂ ਸੰਕੋਚ ਕਰਨ ਦੇ ਹਾਮੀ ਹਾਂ।

ਨ੍ਰਿਮਾਣ ਪੜਚੋਲੀਏ ਦੀਆਂ ਹੋਰ ਰਚਨਾਵਾਂ:-'ਅਖੌਤੀ ਗ੍ਰੰਥਾਂ ਦੀ ਪੜਚੋਲ','ਸ਼ਬਦ ਗੁਰੂ, ਗੁਰੂ-ਘੰਟਾਲ, ਸੰਪ੍ਰਦਾਈ ਗੁਰੂ', 'Sikhism, Anti-Sikhism', Website :- www.sikhsundesh.net